
# ਵਿਕਲਾਂਗ ਵਿਅਕਤੀਆਂ ਦੇ ਲਈ ਸਿੱਖਿਆ ਐਕਟ (IDEA)

## ਭਾਗ C ਪ੍ਰਕਿਰਿਆਤਮਕ ਉਪਰਾਲੇ

### ਮਾਤਾ-ਪਿਤਾ ਦੇ ਵਜੋਂ ਤੁਹਾਡੇ ਅਧਿਕਾਰ



Washington State Department of
CHILDREN, YOUTH & FAMILIES

**ਪਿਆਰੇ ਪਰਿਵਾਰ,**



ਸ਼ਿਸ਼ੂਆਂ ਅਤੇ ਬੱਚਿਆਂ ਦੇ ਲਈ ਵਾਸ਼ਿੰਗਟਨ ਦੇ ਪੂਰਵ ਸਮਰਥਨ ਪ੍ਰੋਗਰਾਮ (ESIT) ਵਿੱਚ ਤੁਹਾਡਾ ਸੁਆਗਤ ਹੈ!

ESIT ਪਾਤਰ ਬੱਚਿਆਂ ਅਤੇ ਉਹਨਾ ਦੇ ਪਰਿਵਾਰਾਂ ਜਾਂ ਦੇਖਭਾਲਕਰਤਾਵਾਂ ਨੂੰ ਬੱਚੇ ਦੇ ਜਨਮ ਤੋਂ ਲੈ ਕੇ ਉਸ ਦੇ ਤੀਸਰੇ ਜਨਮਦਿਨ ਤੱਕ ਸੇਵਾਵਾਂ ਪ੍ਰਦਾਨ ਕਰਦਾ ਹੈ।

ESIT ਪ੍ਰੋਗਰਾਮ ਪਰਿਵਾਰਾਂ, ਦੇਖਭਾਲਕਰਤਾਵਾਂ, ਪਰਿਵਾਰ ਸੰਸਾਧਨ ਕੁਆਰਡੀਨੇਟਰ (FRC) ਅਤੇ ਹੋਰਾਂ ਮਾਹਰਾਂ ਦੇ ਵਿਚਕਾਰ ਸਹਿਯੋਗਾਤਮਕ ਪ੍ਰਕਿਰਿਆ ਹੈ ਜੋ ਕਿ ਹਰੇਕ ਬੱਚੇ ਦੀਆਂ ਵਿਲੱਖਣ ਲੋੜਾਂ ਨੂੰ ਪੂਰਾ ਕਰਨ ਲਈ ਸਮਰਥਨ ਪ੍ਰਦਾਨ ਕਰਦੀਆਂ ਹਨ। ਇਹ ਪ੍ਰੋਗਰਾਮ ਪਰਿਵਾਰ-ਕੇਂਦਰਿਤ ਹੈ, ਜੋ ਕਿ ਸਿਖਲਾਈ 'ਤੇ ਜ਼ੋਰ ਦਿੰਦਾ ਹੈ ਅਤੇ ਮਾਤਾ-ਪਿਤਾ ਅਤੇ ਹੋਰਾਂ ਦੇਖਭਾਲਕਰਤਾਵਾਂ ਨੂੰ ਆਪਣੇ ਬੱਚੇ ਦੇ ਵਿਕਾਸ ਦਾ ਸਮਰਥਨ ਕਰਨ ਲਈ ਕੂਟਨੀਤੀਆਂ ਪ੍ਰਦਾਨ ਕਰਦਾ ਹੈ।

ਮੈਨੂੰ ਯਾਦ ਹੈ ਕਿ ਮੇਰੀ ਬੇਟੀ ਨੇ ਪਹਿਲਾਂ ਸੇਵਾਵਾਂ ਪ੍ਰਦਾਨ ਕਰਨੀਆਂ ਕਦੋਂ ਸ਼ੁਰੂ ਕੀਤੀਆਂ। ਅਸੀਂ ਉਸੇ ਦਿਨ ਨਿਜੀ ਪਰਿਵਾਰ ਸੇਵਾ ਯੋਜਨਾ (IFSP) ਦੇ ਲਈ ਮੁਲਾਂਕਣ ਅਤੇ ਸਹਿਮਤੀ ਦੀ ਪ੍ਰਕਿਰਿਆ ਪੂਰੀ ਕੀਤੀ। ਮੈਨੂੰ ਯਾਦ ਹੈ ਕਿ ਮੈਂ ਮੇਰੀ ਅਪੌਇੰਟਮੈਂਟ ਚਕਰਾਉਂਦੇ ਹੋਏ ਸਿਰ ਨਾਲ ਛੱਡੀ ਸੀ ਇ ਬਾਰੇ ਸੋਚਦੇ ਹੋਏ ਕਿ ਕੀ ਹੋਵੇਗਾ, ਪ੍ਰਕਿਰਿਆ ਕਿਸ ਤਰ੍ਹਾਂ ਦੀ ਲੱਗੇਗੀ, ਅਤੇ ਇਸ ਦਾ ਮੇਰੀ ਬੇਟੀ ਅਤੇ ਉਸਦੀ ਤਰੱਕੀ ਬਾਰੇ ਕੀ ਭਾਵ ਹੋਵੇਗਾ।

ਇਹ ਦਸਤਾਵੇਜ਼ ਵਾਸ਼ਿੰਗਟਨ ਵਿੱਚ ESIT ਸੇਵਾਵਾਂ ਪ੍ਰਦਾਨ ਕਰਨ ਲਈ ਫਾਲੋ ਕੀਤੀ ਜਾਣ ਵਾਲੀ ਪ੍ਰਕਿਰਿਆ ਨੂੰ ਦਰਸਾਉਂਦੀ ਹੈ ਅਤੇ ਮਾਤਾ-ਪਿਤਾ ਅਤੇ ਦੇਖਭਾਲਕਰਤਾਵਾਂ ਦੇ ਲਈ ਬਹੁਤ ਵਧੀਆ ਸਰੋਤ ਹੈ। ਪ੍ਰਕਿਰਿਆਤਮਕ ਸੁਰੱਖਿਆ ਉਪਰਾਲਿਆਂ ਦਾ ਉਦੇਸ਼ ਮਾਤਾ-ਪਿਤਾ ਅਤੇ ਦੇਖਭਾਲਕਰਤਾਵਾਂ ਨੂੰ ਉਹਨਾਂ ਦੇ ਕਨੂੰਨੀ ਅਧਿਕਾਰਾਂ ਅਤੇ ਸੁਰੱਖਿਆਵਾਂ ਬਾਰੇ ਸੂਚਿਤ ਕਰਨਾ ਹੈ। ਇਸ ਦਸਤਾਵੇਜ਼ ਨੂੰ ਸਹੇਜੋ ਅਤੇ ਇਸ ਦਾ ਦੁਬਾਰਾ ਤੋਂ ਹਵਾਲਾ ਲਓ ਜੇਕਰ ਤੁਹਾਨੂੰ ਪ੍ਰਕਿਰਿਆ ਜਾਂ ਇੱਕ ਮਾਤਾ-ਪਿਤਾ ਜਾਂ ਦੇਖਭਾਲਕਰਤਾ ਦੇ ਤੌਰ 'ਤੇ ਆਪਣੇ ਅਧਿਕਾਰਾਂ ਬਾਰੇ ਸਵਾਲ ਹਨ।

**Julie, ਸਾਥੀ ਮਾਤਾ-ਪਿਤਾ**

## ਵਿਸ਼ਾ-ਸੂਚੀ


**ਜਾਣ-ਪਛਾਣ** . . . . . . . . . . 1

ਵਿਕਲਾਂਗ ਵਿਅਕਤੀਆਂ ਦੀ ਸਿੱਖਿਆ ਕਨੂੰਨ (IDEA) IDEA ਦੇ ਭਾਗ C ਦੇ ਅਧੀਨ ਸਥਾਪਤ ਸ਼ਿਸ਼ੂਆਂ ਅਤੇ ਬੱਚਿਆਂ ਦੇ ਲਈ ਪੂਰਵ ਸਮਰਥਨ (ESIT) ਪ੍ਰੋਗਰਾਮ ਦੇ ਬਾਰੇ ਸੰਖੇਪ ਸਮੀਖਿਆ।

**ਪ੍ਰਕਿਰਿਆਤਮਕ ਉਪਰਾਲਿਆਂ ਦੀ ਸਮੀਖਿਆ** . . . . . . . . . . 2

ਸੇਵਾਵਾਂ ਪ੍ਰਾਪਤ ਕਰਨ ਵਾਲੇ ਬੱਚੇ ਦਾ ਮਾਤਾ-ਪਿਤਾ ਜਾਂ ਦੇਖਭਾਲਕਰਤਾ ਦੇ ਤੌਰ 'ਤੇ ਤੁਹਾਡੇ ਅਧਿਕਾਰਾਂ ਦੀ ਸੂਚੀ।

**ਪੂਰਵ ਲਿਖਤ ਸੂਚਨਾ** . . . . . . . . . . 3

ਇਸ ਲੋੜ ਦਾ ਸਪਸ਼ਟੀਕਰਨ ਕਿ ਮਾਤਾ-ਪਿਤਾ ਨੂੰ ਬੱਚੇ ਦੇ ਨਿੱਜੀ ਪਰਿਵਾਰ ਸੇਵਾ ਯੋਜਨਾ ਦੇ ਵਿੱਚ ਪ੍ਰਸਤਾਵਿਤ ਬਦਲਾਵਾਂ ਬਾਰੇ ਸੂਚਨਾ ਪ੍ਰਾਪਤ ਹੋਵੇ ਇਸ ਤੋਂ ਪਹਿਲਾਂ ਕਿ ਇਹ ਬਦਲਾਅ ਲਾਗੂ ਕੀਤੇ ਜਾਣ।

**ਮਾਤਾ-ਪਿਤਾ ਦੀ ਸਹਿਮਤੀ** . . . . . . . . . . 4

ਇਸ ਦੀ ਸਮੀਖਿਆ ਕੀ ਮਾਤਾ-ਪਿਤਾ ਦੀ ਸਹਿਮਤੀ ਤੋਂ ਕੀ ਭਾਵ ਹੈ ਅਤੇ ਬੱਚਿਆਂ ਲਈ ਸੇਵਾਵਾਂ ਪ੍ਰਾਪਤ ਕਰਨ ਲਈ ਇਸ ਦੀ ਲੋੜ ਕਦੋਂ ਹੁੰਦੀ ਹੈ।

**ਰਿਕਾਰਡ** . . . . . . . . . . 5

ਤੁਹਾਡੇ ਬੱਚੇ ਦੇ ਲਈ ਗੁਪਪਤਾ ਦੇ ਅਧਿਕਾਰ ਅਤੇ ਮਾਤਾ-ਪਿਤਾ ਦੇ ਤੌਰ 'ਤੇ ਆਪਣੇ ਬੱਚੇ ਦੇ ਰਿਕਾਰਡਾਂ ਨੂੰ ਪ੍ਰਾਪਤ ਕਰਨ ਅਤੇ ਉਸ ਦੀ ਸਮੀਖਿਆ ਕਰਨ ਦੇ ਤੁਹਾਡੇ ਅਧਿਕਾਰ ਦਾ ਵੇਰਵਾ।

**ਵਿਵਾਦ ਹੱਲ ਪ੍ਰਕਿਰਿਆਵਾਂ** . . . . . . . . . . 8

ਕੀ ਕੀਤਾ ਜਾਵੇ ਜੇਕਰ ਤੁਸੀਂ ਕਿਸੇ ਸੇਵਾ ਜਾਂ ਫੈਸਲੇ ਦੇ ਨਾਲ ਅਸਹਿਮਤ ਹੋ।

**ਮਧਿਅਸਥਤਾ** . . . . . . . . . . 8

ਕਿਸੇ ਨਿਰਪੱਖ ਵਿਅਕਤੀ ਦੇ ਨਾਲ ਕੰਮ ਕਰਨ ਦਾ ਤਰੀਕਾ ਜੋ ਤੁਹਾਡੇ ਬੱਚੇ ਦੀ ਟੀਮ ਦੇ ਅੰਤਰਗਤ ਸਮੱਸਿਆ ਹੱਲ ਕਰਨ ਦਾ ਸਮਰਥਨ ਕਰ ਸਕਦੇ ਹਨ।

**ਨਿਰਪੱਖ ਨਿਰਧਾਰਤ ਪ੍ਰਕਿਰਿਆ ਦੀਆਂ ਸੁਣਵਾਈਆਂ** . . . . . . . . . . 9

ਨਿਰਪੱਖ ਸੁਣਵਾਈ ਅਧਿਕਾਰੀ ਵੱਲੋਂ ਸੰਚਾਲਿਤ ਰਸਮੀ ਪ੍ਰਕਿਰਿਆ ਜਿਸ ਦੀ ਵਰਤੋ ਓਦੋਂ ਕੀਤੀ ਜਾ ਸਕਦੀ ਹੈ ਜਦੋਂ ਕੋਈ ਵਿਅਕਤੀ ਸ਼ਿਕਾਇਤ ਦਰਜ ਕਰਨਾ ਚਾਹੇ।

**ਪ੍ਰਸ਼ਾਸਕੀ ਸ਼ਿਕਾਇਤਾਂ** . . . . . . . . . . 10

ਜੇਕਰ ਕਿਸੇ ਪਰਿਵਾਰ ਨੂੰ ਚਿੰਤਾ ਹੈ ਕਿ ਪ੍ਰੋਗਰਾਮ ਦੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ ਹਨ ਤਾਂ ਇੱਕ ਰਸਮੀ ਪ੍ਰਕਿਰਿਆ ਨੂੰ ਸ਼ੁਰੂ ਕੀਤਾ ਜਾ ਸਕਦਾ ਹੈ।

**ਨਾਇਬ ਮਾਤਾ-ਪਿਤਾ** . . . . . . . . . . 11

ਵਰਣ ਕਰਦੇ ਹਨ ਕਿ ਕਦੋਂ ਕਿਸੇ ਵਿਅਕਤੀ ਨੂੰ ਬੱਚੇ ਦੀ ਤਰਫੋਂ ਕੰਮ ਕਰਨ ਲਈ ਨਿਯੁਕਤ ਕੀਤਾ ਜਾ ਸਕਦਾ ਹੈ ਜਦੋਂ ਮਾਤਾ-ਪਿਤਾ ਜਾਂ ਕਨੂੰਨੀ ਸਰਪ੍ਰਸਤ ਉਪਲਬਧ ਨਾ ਹੋਣ ਅਤੇ ਉਸ ਵਿਅਕਤੀ ਦੀ ਚੋਣ ਕਿਵੇਂ ਕੀਤੀ ਜਾ ਸਕਦੀ ਹੈ।

**ਸੰਪਰਕ ਜਾਣਕਾਰੀ** . . . . . . . . . . ਪਿਛਲਾ ਕਵਰ

ਬੱਚਿਆਂ, ਯੁਵਾਵਾਂ ਅਤੇ ਪਰਿਵਾਰਾਂ ਦੇ ਵਿਭਾਗ ਵਿਖੇ ESIT ਸਟੇਟ ਲੀਡਰਸ਼ਿਪ ਟੀਮ ਨਾਲ ਸੰਪਰਕ ਕਿਵੇਂ ਕਰੀਏ।




ਵਾਸ਼ਿੰਗਟਨ ਵਿੱਚ, ਭਾਗ C ਪ੍ਰਣਾਲੀ ਨੂੰ ਸ਼ਿਸ਼ੂਆਂ ਅਤੇ ਛੋਟੇ ਬੱਚਿਆਂ ਦੇ ਲਈ ਪੂਰਵ ਸਮਰਥਨ (ESIT) ਪ੍ਰੋਗਰਾਮ ਕਿਹਾ ਜਾਂਦਾ ਹੈ।

**ਪਰਿਵਾਰ ਸੰਸਾਧਨ ਕੁਆਰਟੀਨੇਟਰ (FRCs),** ਪਰਿਵਾਰਾਂ ਦੇ ਨਾਲ ਕੰਮ ਕਰਨ ਨਾਲ ਉਹਨਾਂ ਵਾਧੂ ਸਮੱਗਰੀਆਂ ਦੇ ਬਾਰੇ ਪਤਾ ਲੱਗ ਸਕਦਾ ਹੈ ਜੋ ਪਰਿਵਾਰਾਂ ਨੂੰ ਭਾਗ C ਦੇ ਅਧੀਨ ਪ੍ਰਕਿਰਿਆਤਮਕ ਉਪਰਾਲਿਆਂ ਨੂੰ ਸਮਝਣ ਵਿੱਚ ਸਹਇਤਾ ਕਰਦੀਆਂ ਹਨ। ਉਹ ਉਹਨਾਂ ਤਰੀਕਿਆਂ ਦੇ ਬਾਰੇ ਵੀ ਦੱਸ ਸਕਦੇ ਹਨ ਜਿੰਨ੍ਹਾਂ ਦੇ ਰਾਹੀਂ ਤੁਸੀਂ ਅਤੇ ਹੋਰ ਪਰਿਵਾਰ ਦੇ ਸਦੱਸ ਤੁਹਾਡੇ ਬੱਚੇ ਦੀਆਂ ਵਿਕਾਸਾਤਮਕ ਲੋੜਾਂ ਨੂੰ ਪੂਰੀਆਂ ਕਰਨ ਲਈ ਪੇਸ਼ੇਵਰਾਂ ਦੇ ਨਾਲ ਭਾਗੀਦਾਰ ਹੋ ਸਕਦੇ ਹਨ।

## ਜਾਣ-ਪਛਾਣ

*ਵਿਕਲਾਂਗ ਵਿਅਕਤੀਆਂ ਦੇ ਲਈ ਸਿੱਖਿਆ ਕਨੂੰਨ ਕੀ ਹੈ ਅਤੇ ਇਸ ਤੋਂ ਤੁਹਾਡੇ ਬੱਚੇ ਦੇ ਲਈ ਕੀ ਭਾਵ ਹੈ?*

ਵਿਕਲਾਂਗ ਵਿਅਕਤੀਆਂ ਦੇ ਲਈ ਸਿੱਖਿਆ ਐਕਟ (IDEA) ਇੱਕ ਫੈਂਡਰਲ ਕਨੂੰਨ ਹੈ ਜਿਸ ਵਿੱਚ ਵਿਕਲਾਂਗ ਸ਼ਿਸ਼ੂਆਂ ਅਤੇ ਛੋਟੇ ਬੱਚਿਆਂ (ਉਮਰ ਜਨਮ - 36 ਮਹੀਨੇ) ਅਤੇ ਉਹਨਾਂ ਦੇ ਪਰਿਵਾਰਾਂ ਦੇ ਲਈ ਪੂਰਵ ਦਖਲ ਸੇਵਾਵਾਂ ਦੇ ਲਈ ਪ੍ਰਾਵਧਾਨ ਸ਼ਾਮਲ ਹੁੰਦੇ ਹਨ। । ਇਹ ਪ੍ਰਾਵਧਾਨ IDEA ਦੇ ਭਾਗ C ਦੇ ਅਧੀਨ ਸ਼ਾਮਲ ਹਨ। ਇਸ ਦਾ ਵਰਣਨ ਫੈਂਡਰਲ ਰੈਗੂਲੇਸ਼ਨਾਂ (34 CFR ਭਾਗ 303) ਅਤੇ ਵਾਸ਼ਿੰਗਟਨ ਰਾਜ ਦੀਆਂ ਪਾਲਸੀਆਂ ਅਤੇ ਪ੍ਰਕਿਰਿਆਵਾਂ ਵਿੱਚ ਕੀਤਾ ਗਿਆ ਹੈ।

ਵਾਸ਼ਿੰਗਟਨ ਵਿੱਚ, ਭਾਗ C ਪ੍ਰਣਾਲੀ ਨੂੰ ਸ਼ਿਸ਼ੂਆਂ ਅਤੇ ਛੋਟੇ ਬੱਚਿਆਂ ਦੇ ਲਈ ਪੂਰਵ ਸਮਰਥਨ (ESIT) ਪ੍ਰੋਗਰਾਮ ਕਿਹਾ ਜਾਂਦਾ ਹੈ। ਇਸ ਪ੍ਰਣਾਲੀ ਨੂੰ ਪਰਿਵਾਰ ਦੀ ਸ਼ਮੂਲੀਅਤ ਨੂੰ ਵੱਧ ਤੋਂ ਵੱਧ ਕਰਨ ਅਤੇ ਪੂਰਵ ਦਖਲ ਪ੍ਰਕਿਰਿਆ ਦੇ ਹਰੇਕ ਚਰਨ ਵਿੱਚ ਮਾਤਾ-ਪਿਤਾ ਦੀ ਸਹਿਮਤੀ ਨੂੰ ਯਕੀਨੀ ਕਰਨ ਲਈ ਤਿਆਰ ਕੀਤਾ ਗਿਆ ਹੈ, ਇਸ ਦੀ ਸ਼ੁਰੂਆਤ ਸ਼ੁਰੂਆਤੀ ਰੈਂਫਰਲ ਦੇ ਨਾਲ ਕੀਤੀ ਜਾਂਦੀ ਹੈ ਅਤੇ ਇਹ ਸੇਵਾ ਡਿਲੀਵਰੀ ਅਤੇ ਪਰਿਵਰਤਨ ਦੇ ਵਿੱਚ ਜਾਰੀ ਰਹਿੰਦੀ ਹੈ।

ESIT ਪ੍ਰੋਗਰਾਮ ਵਿੱਚ ਮਾਤਾ-ਪਿਤਾ ਅਤੇ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਪ੍ਰਕਿਰਿਆਤਮਕ ਉਪਰਾਲੇ ਸ਼ਾਮਲ ਹੁੰਦੇ ਹਨ। ਮਾਤਾ-ਪਿਤਾ ਨੂੰ 34 CFR 303.430-438 'ਤੇ ਵਿਵਾਦ ਹੱਲ ਵਿਕਲਪਾਂ ਦੇ ਸਮੇਤ 34 CFR 303.400-438 'ਤੇ ਫੈਂਡਰਲ ਰੈਗੂਲੇਸ਼ਨਾਂ ਦੇ ਅਧੀਨ ਪਰਿਭਾਸ਼ਿਤ ਕੀਤੇ ਅਨੁਸਾਰ ਇਹਨਾਂ ਪ੍ਰਕਿਰਿਆਤਮਕ ਉਪਰਾਲਿਆਂ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਉਹ ਕਿਰਿਆਸ਼ੀਲ ਤੌਰ 'ਤੇ ਸ਼ਾਮਲ ਹੋ ਸਕਣ ਅਤੇ ਉਹਨਾਂ ਦੇ ਬੱਚੇ ਅਤੇ ਪਰਿਵਾਰ ਨੂੰ ਮੁਹੱਈਆ ਕੀਤੀਆਂ ਗਈਆਂ ਸੇਵਾਵਾਂ ਵਿੱਚ ਉਹਨਾਂ ਦੀ ਇੱਕ ਲੀਡਰਸ਼ਿਪ ਭੂਮਿਕਾ ਹੋ ਸਕੇ। ਇਹ ਮਾਤਾ-ਪਿਤਾ ਦੇ ਅਧਿਕਾਰਾਂ ਦਾ ਦਸਤਾਵੇਜ਼ ਫੈਂਡਰਲ ਭਾਗ C ਰੈਗੂਲੇਸ਼ਨਾਂ ਦੇ ਅਧੀਨ ਪਰਿਭਾਸ਼ਿਤ ਅਨੁਸਾਰ ਬੱਚਿਆਂ ਅਤੇ ਪਰਿਵਾਰਾਂ ਦੇ ਪ੍ਰਕਿਰਿਆਤਮਕ ਉਪਰਾਲਿਆਂ ਦੀ ਇੱਕ ਅਧਿਕਾਰਕ ਸੂਚਨਾ ਹੈ।


ਬਾਲ ਅਤੇ ਪਰਿਵਾਰ ਪ੍ਰਕਿਰਿਆਤਮਕ ਉਪਰਾਲਿਆਂ ਦੇ ਬਾਰੇ ਵਾਧੂ ਜਾਣਕਾਰੀ ਹਰੇਕ ਪਰਿਵਾਰ ਸਰੋਤ ਕੁਆਰਡੀਨੇਟਰ (FRC) ਦੇ ਰਾਹੀਂ ਉਫਲਬਧ ਹੈ ਅਤੇ ਪੂਰਵ ਦਖਲ ਸੇਵਾ ਪ੍ਰਦਾਤੇ ਦੇ ਰਾਹੀਂ ਜੋ ਕਿ ਪੂਰਵ ਦਖਲ ਸੇਵਾਵਾਂ ਦੇ ਪ੍ਰਾਵਧਾਨ ਵਿੱਚ ਸ਼ਾਮਲ ਹਨ।

**"ਉਚਿਤ ਪੂਰਵ ਦਖਲ ਸੇਵਾਵਾਂ"** ਦਾ ਨਿਰਧਾਰਨ IFSP ਪ੍ਰਕਿਰਿਆ ਦੇ ਰਾਹੀਂ ਕੀਤਾ ਜਾਂਦਾ ਹੈ। IFSP ਵਿੱਚ ਲਾਜ਼ਮੀ ਤੌਰ 'ਤੇ IFSP ਵਿੱਚ ਪਛਾਣੇ ਗਏ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਬੱਚੇ ਅਤੇ ਪਰਿਵਾਰ ਦੀਆਂ ਵਿਸ਼ੇਸ਼ ਲੋੜਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਵਿਸ਼ੇਸ਼ ਪੂਰਵ ਦਖਲ ਸੇਵਾਵਾਂ ਦਾ ਕਥਨ ਸ਼ਾਮਲ ਹੋਣਾ ਚਾਹੀਦਾ ਹੈ। ਫੈੱਡਰਲ ਭਾਗ C ਰੈਗੂਲੇਸ਼ਨ **www.gpo.gov/fdsys/pkg/FR-2011-09-28/pdf/2011-22783.pdf**ਪੂਰਵ ਦਖਲ ਸੇਵਾਵਾਂ ਨੂੰ ਉਹਨਾਂ ਸੇਵਾਵਾਂ ਦੇ ਵਜੋਂ ਪਰਿਭਾਸ਼ਿਤ ਕਰਦੇ ਹਨ ਜੋ "ਭਾਗ C ਦੇ ਅਧੀਨ ਹਰੇਕ ਪਾਤਰ ਬੱਚੇ ਦੀਆਂ ਵਿਕਾਸਾਤਮਕ ਲੋੜਾਂ ਅਤੇ ਬੱਚੇ ਦੇ ਵਿਕਾਸ ਵਿੱਚ ਵਾਧਾ ਕਰਨ ਦੇ ਨਾਲ ਸੰਬੰਧਤ ਪਰਿਵਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਤਿਆਰ ਕੀਤੀਆਂ ਗਈਆਂ ਹਨ।"

**ਵਿਅਕਤੀਗਤ ਤੌਰ 'ਤੇ ਪਛਾਣਨਯੋਗ ਜਾਣਕਾਰੀ ਵਿੱਚ ਸ਼ਾਮਲ ਹੈ:**

1. ਤੁਹਾਡੇ ਬੱਚੇ ਦਾ ਨਾਮ, ਤੁਹਾਡਾ ਨਾਮ, ਜਾਂ ਹੋਰਾ ਪਰਿਵਾਰਕ ਸਦੱਸਾਂ ਦੇ ਨਾਮ।
2. ਤੁਹਾਡੇ ਬੱਚ ਜਾਂ ਪਰਿਵਾਰ ਦਾ ਨਾਮ।
3. ਵਿਅਕਤੀਗਤ ਤੌਰ 'ਤੇ ਪਛਾਣਨਯੋਗ ਜਾਣਕਾਰੀ ਜਿਵੇਂ ਕਿ ਤੁਹਾਡੇ ਬੱਚੇ ਜਾਂ ਤੁਹਾਡਾ ਸਮਾਜਕ ਸੁਰੱਖਿਆ ਨੰਬਰ।
4. ਹੋਰ ਪਛਾਣਨਯੋਗ ਜਾਣਕਾਰੀ, ਜਿਵੇਂ ਕਿ ਤੁਹਾਡੇ ਬੱਚੇ ਦੀ ਜਨਮ ਮਿਤੀ, ਜਨਮ ਸਥਾਣ, ਅਤੇ ਮਾਤਾ ਦੀ ਦਾਈ ਦਾ ਨਾਮ।
5. ਵਿਅਕਤੀਗਤ ਵਿਸ਼ੇਸ਼ਤਾਵਾਂ ਦੀ ਸੂਚੀ ਜਾਂ ਹੋਰ ਜਾਣਕਾਰੀ ਜੋ ਕਿ ਵਾਜਬ ਨਿਸ਼ਚਤਤਾ ਦੇ ਨਾਲ ਤੁਹਾਡੇ ਬੱਚੇ ਨੂੰ ਪਛਾਣਨਾ ਸੰਭਵ ਬਣਾ ਦਏਗੀ।
6. ਉਸ ਵਿਅਕਤੀ ਦੀ ਜਾਣਕਾਰੀ ਜਿਸ ਨੂੰ ਪੂਰਵ ਦਖਲ ਪ੍ਰੋਗਰਾਮ ਮੰਨਦਾ ਹੈ ਉਸ ਨੂੰ ਵਾਜਬ ਤੌਰ 'ਤੇ ਤੁਹਾਡੇ ਬੱਚੇ ਦੀ ਜਾਣਕਾਰੀ ਪਤਾ ਹੈ।

## ਪ੍ਰਕਿਰਿਆਤਮਕ ਉਪਰਾਲਿਆਂ ਦੀ ਸਮੀਖਿਆ



ਇਸ ਦਸਤਾਵੇਜ਼ ਦੇ ਉਦੇਸ਼ਾਂ ਦੇ ਲਈ, ਮਾਤਾ-ਪਿਤਾ ਤੋਂ ਭਾਵ ਹੈ ਬੱਚੇ ਨੂੰ ਜਨਮ ਦੇਣ ਵਾਲੇ ਮਾਤਾ-ਪਿਤਾ, ਬੱਚੇ ਨੂੰ ਗੋਦ ਲੈਣ ਵਾਲੇ ਮਾਤਾ-ਪਿਤਾ, ਕਨੂੰਨੀ ਸਰਪ੍ਰਸਤ, ਫੋਸਟਰ ਮਾਤਾ-ਪਿਤਾ ਜਾਂ ਬੱਚੇ ਨੂੰ ਜਨਮ ਦੇਣ ਵਾਲੇ ਜਾਂ ਗੋਦ ਲੈਣ ਵਾਲੇ ਮਾਤਾ-ਪਿਤਾ ਦੀ ਜਗ੍ਹਾਂ ਕੰਮ ਕਰ ਰਹੇ ਵਿਅਕਤੀ ਜਿੰਨ੍ਹਾਂ ਦੇ ਨਾਲ ਬੱਚਾ ਰਹਿੰਦਾ ਹੈ।

### ESIT ਸੇਵਾਵਾਂ ਪ੍ਰਾਪਤ ਕਰਨ ਵਾਲੇ ਬੱਚੇ ਦਾ ਮਾਤਾ-ਪਿਤਾ ਦੇ ਤੌਰ 'ਤੇ ਤੁਹਾਡੇ ਕੀ ਅਧਿਕਾਰ ਹਨ?

ESIT ਦੇ ਵਾਸ਼ਿੰਗਟਨ ਪ੍ਰੋਗਰਾਮ ਦੇ ਅਧੀਨ, ਇੱਕ ਮਾਤਾ-ਪਿਤਾ ਦੇ ਵਜੋਂ, ਤੁਹਾਡੇ ਕੋਲ ਹੇਠ ਲਿਖੇ ਅਧਿਕਾਰ ਹਨ:

- ਹਵਾਲੇ ਤੋਂ ਬਾਅਦ 45 ਕੈਲੰਡਰ ਦਿਨਾਂ ਦੇ ਅੰਦਰ ਸ਼ੁਰੂਆਤੀ IFSP ਮੀਟਿੰਗ ਵਿਖੇ ਵਿਅਕਤੀਗਤ ਪਰਿਵਾਰ ਸੇਵਾ ਯੋਜਨਾ (IFSP) ਦੇ ਵਿਕਾਸ ਤੋਂ ਬਾਅਦ ਬਹੁ-ਵਿਸ਼ਅਕ ਮੁਲਾਂਕਣ ਅਤੇ ਆਕਲਨ ਦਾ ਅਧਿਕਾਰ। ਬਹੁ-ਵਿਸ਼ਅਕ ਤੋਂ ਭਾਵ ਹੈ ਦੋ ਜਾਂ ਵੱਧ ਵੱਖਰੇ ਵਿਸ਼ਾ-ਖੇਤਰਾਂ ਜਾਂ ਵਿਸ਼ੇਸ਼ਤਾਵਾਂ ਦੀ ਸ਼ਮੂਲੀਅਤ। ਉਦਾਹਰਨ ਦੇ ਲਈ, ਬੋਲੀ ਭਾਸ਼ਾ ਪੈਥੋਲੌਜੀਸਟ ਅਤੇ ਵਿਸ਼ੇਸ਼ ਸਿੱਖਿਅਕ।
- ਪਰਿਵਾਰਾਂ ਦੇ ਲਈ ਬਿਨਾਂ ਕਿਸੇ ਖਰਚ ਦੇ ਮੁਲਾਂਕਣ, ਆਕਲਨ, IFSP ਵਿਕਾਸ, ਸੇਵਾ ਸਹਿਯੋਗ, ਅਤੇ ਪ੍ਰਕਿਰਿਆਤਮਕ ਉਪਰਾਲਿਆਂ ਨੂੰ ਪ੍ਰਾਪਤ ਕਰਨ ਦਾ ਅਧਿਕਾਰ।
- ਸਕ੍ਰੀਨਿੰਗ ਪ੍ਰਕਿਰਿਆ (ਜੇਕਰ ਵਰਤੀ ਗਈ) ਦੇ ਦੌਰਾਨ ਕਿਸੇ ਵੀ ਸਮੇਂ ਮੁਲਾਂਕਣ ਪ੍ਰਾਪਤ ਕਰਨ ਦਾ ਅਧਿਕਾਰ, ਜੇਕਰ ਤੁਸੀਂ ਇਸ ਲਈ ਬੇਨਤੀ ਕਰਦੇ ਹੋ ਅਤੇ ਇਸ ਦੇ ਲਈ ਸਹਿਮਤੀ ਦਿੰਦੇ ਹੋ।
- ਜੇਕਰ ਭਾਗ C ਦੇ ਅਧੀਨ ਪਾਤਰ ਹੋ, ਤਾਂ IFSP ਦੇ ਵਿੱਚ ਸੰਬੋਧਨ ਕੀਤੇ ਅਨੁਸਾਰ ਤੁਹਾਡੇ ਬੱਚੇ ਅਤੇ ਪਰਿਵਾਰ ਦੇ ਲਈ **ਉਚਿਤ ਪੂਰਵ ਦਖਲ ਸੇਵਾਵਾਂ** ਪ੍ਰਾਪਤ ਕਰਨ ਦਾ ਅਧਿਕਾਰ।
- ਸਕ੍ਰੀਨਿੰਗ, ਮੁਲਾਂਕਣਾਂ, ਆਕਲਨਾਂ, ਅਤੇ ਸੇਵਾਵਾਂ ਦੇ ਲਈ ਮਨ੍ਹਾ ਕਰਨ ਦਾ ਅਧਿਕਾਰ।
- ਉਹਨਾਂ ਸਾਰੀਆਂ ਮੀਟਿੰਗਾਂ ਵਿੱਚ ਸੱਦਾ ਦਿੱਤੇ ਜਾਣ ਅਤੇ ਭਾਗੀਦਾਰੀ ਕਰਨ ਦਾ ਅਧਿਕਾਰ ਜਿੰਨ੍ਹਾਂ ਵਿੱਚ ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ, ਜਾਂ ਪਲੇਸਮੈਂਟ, ਜਾਂ ਤੁਹਾਡੇ ਬੱਚੇ ਜਾਂ ਪਰਿਵਾਰ ਦੇ ਲਈ ਉਚਿਤ ਪੂਰਵ ਦਖਲ ਸੇਵਾਵਾਂ ਦੇ ਪ੍ਰਾਵਧਾਨ ਨੂੰ ਬਦਲਣ ਦੇ ਲਈ ਪ੍ਰਸਤਾਵ ਦੇ ਸੰਬੰਧ ਵਿੱਚ ਫੈਸਲਾ ਲਿੱਤੇ ਜਾਣ ਦੀ ਉਮੀਦ ਹੈ।
- ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ, ਜਾਂ ਪਲੇਸਮੈਂਟ, ਜਾਂ ਤੁਹਾਡੇ ਬੱਚੇ ਜਾਂ ਪਰਿਵਾਰ ਦੇ ਲਈ ਉਚਿਤ ਪੂਰਵ ਦਖਲ ਸੇਵਾਵਾਂ ਦੇ ਪ੍ਰਾਵਧਾਨ ਵਿੱਚ ਕਿਸੇ ਬਦਲਾਅ ਦਾ ਪ੍ਰਸਤਾਵ ਜਾਂ ਇਸ ਦੇ ਲਈ ਮਨਾਹੀ ਹੋਣ ਤੋਂ ਪਹਿਲਾਂ ਸਮੇਂ ਸਿਰ ਲਿਖਤ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ।
- ਉਸ ਹੱਦ ਤੱਕ ਕੁਦਰਤੀ ਵਾਤਾਵਰਨਾਂ ਵਿੱਚ ਹਰੇਕ ਪੂਰਵ ਦਖਲ ਸੇਵਾ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਜਿੱਥੋਂ ਤੱਕ ਇਹ ਤੁਹਾਡੇ ਬੱਚੇ ਦੀਆਂ ਵਿਕਾਸਾਤਮਕ ਲੋੜਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਹੋਵੇ।
- ਵਿਅਕਤੀਗਤ ਤੌਰ 'ਤੇ ਪਛਾਣਨਯੋਗ ਜਾਣਕਾਰੀ**ਦੀ ਗੁਪਤਤਾ ਬਣਾਏ ਰੱਖਣ ਦਾ ਅਧਿਕਾਰ**।
- ਬਿਨਾਂ ਕਿਸੇ ਖਰਚ ਦੇ ਤੁਹਾਡੇ ਬੱਚੇ ਦੇ ਪੂਰਵ ਦਖਲ ਰਿਕਾਰਡ ਦੀ ਸ਼ੁਰੂਆਤੀ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ।
- ਹਰੇਕ ਮੁਲਾਂਕਣ, ਆਕਲਨ, ਅਤੇ IFSP ਦੀ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ ਜੋ ਕਿ ਤੁਹਾਨੂੰ ਹਰੇਕ IFSP ਮੀਟਿੰਗ ਤੋਂ ਬਾਅਦ ਜਲਦੀ ਤੋਂ ਜਲਦੀ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ।
- ਤੁਹਾਡੇ ਬੱਚੇ ਦੇ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ, ਅਤੇ ਜੇਕਰ ਉਚਿਤ ਹੋਵੇ, ਉਹਨਾਂ ਨੂੰ ਸੰਸ਼ੋਧਿਤ ਕਰਨ ਦਾ ਅਧਿਕਾਰ।
- ਮਾਤਾ-ਪਿਤਾ/ਪ੍ਰਦਾਤਾ ਦੇ ਗ਼ੈਰ-ਸਮਝੌਤਿਆਂ ਦਾ ਹੱਲ ਕਰਨ ਦੇ ਲਈ ਮਧਿਅਸਥਤਾ ਅਤੇ/ਜਾਂ ਇੱਕ ਨਿਰਪੱਖ ਨਿਰਧਾਰਤ ਪ੍ਰਕਿਰਿਆ ਦੇ ਲਈ ਬੇਨਤੀ ਕਰਨ ਦਾ ਅਧਿਕਾਰ। ਪ੍ਰਸ਼ਾਸਕੀ ਸ਼ਿਕਾਇਤ ਨੂੰ ਦਰਜ ਕਰਨ ਦਾ ਅਧਿਕਾਰ।

ਉੱਪਰ ਦੱਸੇ ਗਏ ਅਧਿਕਾਰਾਂ ਤੋਂ ਇਲਾਵਾ, ਤੁਸੀਂ ਭਾਗ C ਦੇ ਅਧੀਨ ਵਿਸ਼ੇਸ਼ ਪ੍ਰਕਿਰਿਆਤਮਕ ਉਪਰਾਲਿਆਂ ਦੇ ਬਾਰੇ ਸੂਚਿਤ ਹੋਣ ਦੇ ਹੱਕਦਾਰ ਹੋ। ਇਹ ਅਧਿਕਾਰ ਨੀਚੇ ਦੱਸੇ ਗਏ ਹਨ।

## ਪੂਰਵ ਲਿਖਤ ਸੂਚਨਾ

ਤੁਹਾਨੂੰ ਆਪਣੇ ਬੱਚੇ ਦੇ ESIT ਮੀਟਿੰਗਾਂ ਦੇ ਪ੍ਰਦਾਤਿਆਂ ਅਤੇ ਸੇਵਾਵਾਂ ਵਿੱਚ ਪ੍ਰਸਤਾਵਿਤ ਬਦਲਾਵਾਂ ਬਾਰੇ ਕਿਵੇਂ ਸੂਚਿਤ ਕਿਵੇਂ ਜਾਵੇਗਾ?

ਪੂਰਵ ਲਿਖਤ ਸੂਚਨਾ ਤੁਹਾਨੂੰ ਇੱਕ ਵਾਜਬ ਸਮੇਂ ਦੇ ਅੰਦਰ ਦਿੱਤੀ ਜਾਣੀ ਚਾਹੀਦੀ ਹੈ ਇਸ ਤੋਂ ਪਹਿਲਾਂ ਕਿ ਇੱਕ ਪੂਰਵ ਦਖਲ ਸੇਵਾ ਪ੍ਰਦਾਤਾ ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ, ਜਾਂ ਪਲੇਸਮੈਂਟ, ਜਾਂ ਤੁਹਾਡੇ ਬੱਚੇ ਅਤੇ ਤੁਹਾਡੇ ਪਰਿਵਾਰ ਦੇ ਲਈ ਉਚਿਤ ਪੂਰਵ ਦਖਲ ਸੇਵਾਵਾਂ ਦੇ ਪ੍ਰਾਵਧਾਨ ਨੂੰ ਸ਼ੁਰੂ ਕਰਨ ਜਾਂ ਬਦਲਣ ਦਾ ਪ੍ਰਸਤਾਵ ਦਏ ਜਾਂ ਮਨ੍ਹਾ ਕਰੇ। ਇਸ ਸੂਚਨਾ ਵਿੱਚ ਤੁਹਾਨੂੰ ਹੇਠ ਲਿਖੇ ਬਾਰੇ ਸੂਚਿਤ ਕੀਤੇ ਜਾਣ ਲਈ ਕਾਫੀ ਵਿਸਤ੍ਰਿਤ ਵੇਰਵੇ ਸ਼ਾਮਲ ਹੋਣੇ ਚਾਹੀਦੇ ਹਨ:

- ਉਹ ਕਾਰਵਾਈ ਜੋ ਕਿ ਪੂਰਵ ਦਖਲ ਸਵਾਂਦੇ ਕਾਂਟ੍ਰੈਕਟਰ ਜਾਂ ਪੂਰਵ ਦਖਲ ਸੇਵਾ ਪ੍ਰਦਾਤਾ ਵੱਲੋਂ ਪ੍ਰਸਤਾਵਿਤ ਜਾਂ ਮਨ੍ਹਾ ਕੀਤੀ ਜਾ ਰਹੀ ਹੈ।
- ਇਹ ਕਾਰਵਾਈ ਕਰਨ ਦੇ ਕਾਰਨ।
- ਉਹ ਸਾਰੇ ਪ੍ਰਕਿਰਿਆਤਮਕ ਉਪਰਾਲੇ ਜੋ ਕਿ ਭਾਗ C ਦੇ ਅਧੀਨ ਉਪਲਬਧ ਹਨ।
- ਸ਼ਿਕਾਇਤ ਦਰਜ ਕਰਵਾਉਣ ਦਾ ਤਰੀਕਾ ਅਤੇ ਉਹਨਾਂ ਪ੍ਰਕਿਰਿਆਵਾਂ ਦੇ ਲਈ ਸਮੇਂ ਸੀਮਾਵਾਂ ਦੇ ਵੇਰਵੇ ਦੇ ਸਮੇਤ ਰਾਜ ਦੀ ਮਧਿਅਸਥਤਾ, ਰਾਜ ਸ਼ਿਕਾਇਤ, ਅਤੇ ਨਿਰਧਾਰਤ ਪ੍ਰਕਿਰਿਆ ਦੇ ਸੁਣਵਾਈ ਕਾਰਜ।

ਇਹ ਸੂਚਨਾ ਆਮ ਜਨਤਾ ਦੇ ਲਈ ਸਮਝੇ ਜਾਣ ਯੋਗ ਭਾਸ਼ਾ ਵਿੱਚ ਲਿਖੀ ਹੋਈ ਹੋਣੀ ਚਾਹੀਦੀ ਹੈ ਅਤੇ ਤੁਹਾਡੀ ਵਸਨੀਕ ਭਾਸ਼ਾ ਵਿੱਚ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ, ਸਿਵਾਏ ਓਦੋਂ ਜਦੋਂ ਇੰਝ ਕਰਨਾ ਸੰਭਵ ਨਾ ਹੋਵੇ।

ਜੇਕਰ ਤੁਹਾਡੀਵਸਨੀਕ ਭਾਸ਼ਾ ਜਾਂ ਸੰਚਾਰ ਦਾ ਕੋਈ ਹੋਰ ਸਾਧਨ ਲਿਖਤ ਭਾਸ਼ਾ ਵਿੱਚ ਨਹੀਂ ਹੈ, ਤਾਂ ਪੂਰਵ ਦਖਲ ਸੇਵਾ ਪ੍ਰਦਾਤਾ ਇਹ ਯਕੀਨੀ ਕਰਨ ਲਈ ਕਦਮ ਉਠਾਵੇਗਾ:

- ਇਹ ਸੂਚਨਾ ਤੁਹਾਡੀ ਵਸਨੀਕ ਭਾਸ਼ਾ ਜਾਂ ਸੰਚਾਰ ਦੇ ਕਿਸੇ ਹੋਰ ਸਾਧਨ ਦੇ ਵਿੱਚ ਮੌਖਿਕ ਤੌਰ 'ਤੇ ਜਾਂ ਕਿਸੇ ਹੋਰ ਢੰਗ ਦੇ ਰਾਹੀਂ ਅਨੁਵਾਦਿਤ ਕੀਤੀ ਗਈ ਹੈ;
- ਤੁਸੀਂ ਇਸ ਸੂਚਨਾ ਨੂੰ ਸਮਝਦੇ ਹੋ; ਅਤੇ
- ਇਸ ਬਾਰੇ ਇੱਕ ਲਿਖਤ ਸਬੂਤ ਹੈ ਕਿ ਇਹਨਾਂ ਪ੍ਰਕਿਰਿਆਵਾਂ ਦੇ ਵਿੱਚ ਦੱਸੀਆਂ ਗਈਆਂ ਲੋੜਾਂ ਪੂਰੀਆਂ ਹੋ ਗਈਆਂ ਹਨ।

ਤੁਹਾਡੀ ਲਿਖਤ ਸਹਿਮਤੀ ਨੂੰ ਹੇਠ ਲਿਖੇ ਕੰਮਾਂ ਤੋਂ ਪਹਿਲਾਂ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ:

- ਇਹ ਨਿਰਧਾਰਤ ਕਰਨ ਲਈ ਵਿਕਾਸਾਤਮਕ ਸਕ੍ਰੀਨਿੰਗ ਕਰਨਾ ਕਿ ਕੀ ਤੁਹਾਡੇ ਬੱਚੇ ਨੂੰ ਵਿਕਲਾਂਗਤਾ ਹੋਣ ਦਾ ਸ਼ੱਕ ਹੈ।
- ਤੁਹਾਡੇ ਬੱਚੇ ਦੇ ਸਾਰੇ ਮੁਲਾਂਕਣਾਂ ਅਤੇ ਆਕਲਨਾਂ ਦਾ ਸੰਚਾਲਨ ਕਰਨਾ।
- ਤੁਹਾਡੇ ਬੱਚੇ ਦੇ ਲਈ ਪੂਰਵ ਦਖਲ ਸੇਵਾਵਾਂ ਮੁਹੱਈਆ ਕਰਵਾਉਣਾ।
- ਸੇਵਾਵਾਂ ਦਾ ਭੁਗਤਾਨ ਕਰਨ ਦੇ ਲਈ ਜਨਤਕ ਫਾਇਦਿਆਂ ਜਾਂ ਬੀਮਾ ਜਾਂ ਨਿੱਜੀ ਬੀਮਾ ਦੀ ਵਰਤੋਂ ਕਰਨੀ।
- ਤੁਹਾਡੇ ਬਾਰੇ ਵਿਅਕਤੀਗਤ ਤੌਰ 'ਤੇ ਪਛਾਣ ਯੋਗ ਜਾਣਕਾਰੀ ਨੂੰ ਸਾਂਝਾ ਕਰਨਾ।

ਸ਼ੁਰੂਆਤੀ ਪੂਰਵ ਦਖਲ ਸੇਵਾਵਾਂ ਪ੍ਰਦਾਨ ਕਰਨ ਤੋਂ ਪਹਿਲਾਂ ਤੁਹਾਡੀ ਲਿਖਤ ਸਹਿਮਤੀ ਵੀ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ।

ਜੇਕਰ ਤੁਸੀਂ ਸਹਿਮਤੀ ਮੁਹੱਈਆ ਨਹੀਂ ਕਰਦੇ ਹੋ, ਤਾਂ ਤੁਹਾਡੇ 'ਤੇ ਦਬਾਅ ਪਾਉਣ (ਮਜਬੂਰ ਕਰਨ ਲਈ) ਕੋਈ ਕਾਰਵਾਈ ਨਹੀਂ ਲਿੱਤੀ ਜਾਵੇਗੀ। ਦੂਸਰੇ ਸ਼ਬਦਾਂ ਵਿੱਚ, FRC, ਜਾਂ ਪੂਰਵ ਦਖਲ ਸੇਵਾ ਪ੍ਰਦਾਤਾ ਸਹਿਮਤੀ ਪ੍ਰਦਾਨ ਕਰਨ ਦੇ ਲਈ ਤੁਹਾਡੀ ਮਨਾਹੀ ਨੂੰ ਚੁਣੌਤੀ ਦੇਣ ਦੇ ਲਈ ਨਿਰਧਾਰਤ ਪ੍ਰਕਿਰਿਆ ਦੇ ਸੁਣਵਾਈ ਕਾਰਜਾਂ ਨੂੰ ਸ਼ਾਇਦ ਨਾ ਵਰਤੇ।



**ਵਸਨੀਕ ਭਾਸ਼ਾ,** ਜਿੱਥੇ ਇਸ ਦੀ ਵਰਤੋਂ ਸੀਮਤ ਅੰਗ੍ਰੇਜ਼ੀ ਭਾਸ਼ਾ ਕੌਸ਼ਲ ਵਾਲੇ ਲੋਕਾਂ ਦਾ ਹਵਾਲਾ ਦੇਣ ਦੇ ਲਈ ਵਰਤੀ ਜਾਂਦੀ ਹੈ, ਓਦੋਂ ਇਸ ਦਾ ਭਾਵ ਹੈ, ਤੁਹਾਡੇ ਵੱਲੋਂ ਆਮ ਤੌਰ 'ਤੇ ਵਰਤੀ ਜਾਣ ਵਾਲੀ ਭਾਸ਼ਾ। ਆਪਣੇ ਬੱਚੇ ਦੇ ਮੁਲਾਂਕਣਾਂ ਅਤੇ ਆਕਲਨਾਂ ਦਾ ਸੰਚਾਲਨ ਕਰਦੇ ਸਮੇਂ, ਵਸਨੀਕ ਭਾਸ਼ਾ ਤੋਂ ਭਾਵ ਹੈ ਕਿ ਤੁਹਾਡੇ ਬੱਚੇ ਵੱਲੋਂ ਆਮ ਤੌਰ 'ਤੇ ਵਰਤੀ ਜਾਣ ਵਾਲੀ ਭਾਸ਼ਾ। ਜਦੋਂ ਕਿਸੇ ਬੋਲੇ ਜਾਂ ਸੁਣਨ ਵਿੱਚ ਔਖਿਆਈ ਵਾਲੇ ਵਿਅਕਤੀ, ਜਾਂ ਅੰਨ੍ਹੇ ਜਾਂ ਘੱਟ ਦ੍ਰਿਸ਼ਟੀ ਵਾਲੇ ਵਿਅਕਤੀ, ਜਾਂ ਬਿਨਾਂ ਕਿਸੇ ਲਿਖਤ ਭਾਸ਼ਾ ਵਾਲੇ ਵਿਅਕਤੀ ਦੇ ਸੰਦਰਭ ਵਿੱਚ ਵਰਤੀ ਜਾਵੇ, ਤਾਂ ਵਸਨੀਕ ਭਾਸ਼ਾ ਤੋਂ ਭਾਵ ਹੁੰਦਾ ਹੈ ਉਸ ਵਿਅਕਤੀ ਵੱਲੋਂ ਆਮ ਤੌਰ 'ਤੇ ਵਰਤਿਆ ਜਾਣ ਵਾਲਾ ਸੰਚਾਰ ਦਾ ਸਾਧਨ (ਜਿਵੇਂ ਕਿ ਚਿੰਨ੍ਹ ਭਾਸ਼ਾ, ਬ੍ਰੇਲ, ਜਾਂ ਮੂੰਹ ਰਾਹੀਂ ਸੰਚਾਰ)।



## ਮਾਤਾ-ਪਿਤਾ ਦੀ ਸਹਿਮਤੀ

*ਮਾਤਾ-ਪਿਤਾ ਦੀ ਸਹਿਮਤੀ ਕੀ ਹੈ ਅਤੇ ਤੁਸੀਂ ਸਹਿਮਤੀ ਦੇ ਲਈ ਆਪਣੇ ਅਧਿਕਾਰ ਦੀ ਵਰਤੋਂ ਕਿਵੇਂ ਕਰ ਸਕਦੇ ਹੋ?*

ਸਹਿਮਤੀ ਤੋਂ ਭਾਵ ਹੈ:

- ਤੁਹਾਨੂੰ ਆਪਣੀਵਸਨੀਕ ਭਾਸ਼ਾ ਵਿੱਚ ਮੰਗੀ ਗਈ ਸਹਿਮਤੀ ਦੇ ਲਈ ਗਤੀਵਿਧੀ ਦੇਨਾਲ ਸੰਬੰਧਤ ਸਾਰੀ ਜਾਣਕਾਰੀ ਬਾਰੇ ਪੂਰੀ ਤਰ੍ਹਾਂ ਸੂਚਿਤ ਕਰ ਦਿੱਤਾ ਗਿਆ ਹੈ
- ਤੁਸੀਂ ਲਿਖਤ ਵਿੱਚ ਤੁਹਾਡੇ ਵੱਲੋਂ ਮੰਗੀ ਗਈ ਸਹਿਮਤੀ ਦੇ ਲਈ ਗਤੀਵਿਧੀ ਕਰਨ ਨੂੰ ਸਮਝਦੇ ਹੋ ਅਤੇ ਇਸ ਦੇ ਲਈ ਸਹਿਮਤ ਹੋ, ਅਤੇ ਸਹਿਮਤੀ ਵਿੱਚ ਉਸ ਗਤੀਵਿਧੀ ਦਾ ਵੇਰਵਾ ਲਿਖਿਆ ਹੈ ਅਤੇ ਇਸ ਵਿੱਚ ਪੂਰਵ ਦਖਲ ਰਿਕਾਰਡਾਂ (ਜੇਕਰ ਕੋਈ ਹਨ) ਦੀਆਂ ਸੂਚੀਆਂ ਹਨ ਜੋ ਕਿ ਜਾਰੀ ਕੀਤੇ ਜਾਣਗੇ ਅਤੇ ਇਸ ਬਾਰੇ ਜਾਣਕਾਰੀ ਕਿ ਕਿਸ ਨੂੰ ਕੀਤੇ ਜਾਣਗੇ।
- ਤੁਸੀਂ ਸਮਝਦੇ ਹੋ ਕਿ ਤੁਹਾਡੀ ਤਰਫ਼ ਤੋਂ ਸਹਿਮਤੀ ਦਿੱਤੇ ਜਾਣਾ ਸਵੈ-ਇੱਛਤ ਹੈ ਅਤੇ ਇਸ ਨੂੰ ਕਿਸੇ ਵੀ ਸਮੇਂ ਵਾਪਿਸ ਲਿੱਤਾ ਜਾ ਸਕਦਾ ਹੈ।

ਜੇਕਰ ਤੁਸੀਂ ਆਪਣੀ ਸਹਿਮਤੀ ਨੂੰ ਵਾਪਿਸ ਲੈਂਦੇ ਹੋ, ਇਹ ਪ੍ਰਤਿਕਿਰਿਆਤਮਕ ਨਹੀਂ ਹੈ (ਇਹ ਉਸ ਕਾਰਵਾਈ 'ਤੇ ਲਾਗੂ ਨਹੀਂ ਹੁੰਦੀ ਜੋ ਸਹਿਮਤੀ ਨੂੰ ਵਾਪਿਸ ਲਿੱਤੇ ਜਾਣ ਤੋਂ ਪਹਿਲਾਂ ਹੋਈ ਸੀ)।

ਪੂਰਵ ਦਖਲ ਸੇਵਾ ਪ੍ਰਦਾਤਾ ਜਾਂ ਉਚਿਤ ਯੋਗ ਸਟਾਫ ਇਹ ਯਕੀਨੀ ਕਰਨ ਲਈ ਵਾਜਬ ਕਦਮ ਉਠਾਏਗਾ ਕਿ ਤੁਸੀਂ:

- ਸਕ੍ਰੀਨਿੰਗ, ਮੁਲਾਂਕਣ ਅਤੇ ਆਕਲਨਾਂ ਜਾਂ ਉਪਲਬਧ ਹੋਣ ਵਾਲੀਆਂ ਸੇਵਾਵਾਂ ਦੀ ਪ੍ਰਕਿਰਤੀ ਦੇ ਬਾਰੇ ਪੂਰੀ ਤਰ੍ਹਾਂ ਸਚੇਤ ਹੋ।
- ਸਮਝਦੇ ਹੋ ਕਿ ਤੁਹਾਡਾ ਬੱਚਾ ਸਕ੍ਰੀਨਿੰਗ, ਮੁਲਾਂਕਣ ਅਤੇ ਆਕਲਨਾਂ ਜਾ ਸੇਵਾਵਾਂ ਪ੍ਰਾਪਤ ਨਹੀਂ ਕਰ ਸਕੇਗਾ ਜੱਦ ਤੱਕ ਸਹਿਮਤੀ ਨਾ ਦਿੱਤੀ ਹੋਵੇ।

ਭਾਗ C ਦੇ ਅਧੀਨ ਪਾਤਰ ਬੱਚੇ ਦੇ ਮਾਤਾ-ਪਿਤਾ ਦੇ ਤੌਰ 'ਤੇ, ਤੁਸੀਂ ਨਿਰਧਾਰਤ ਕਰ ਸਕਦੇ ਹੋ ਕਿ ਕੀ ਤੁਹਾਡਾ ਬੱਚਾ ਜਾਂ ਹੋਰ ਪਰਿਵਾਰ ਦੇ ਸਦੱਸ ਇਸ ਪ੍ਰੋਗਰਾਮ ਦੇ ਅਧੀਨ ਕਿਸੇ ਦਖਲ ਸੇਵਾ (ਸੇਵਾਵਾਂ) ਨੂੰ ਸਵੀਕਾਰ ਕਰਨਗੇ ਜਾਂ ਅਸਵੀਕਾਰ ਕਰਨਗੇ। ਤੁਸੀਂ ਅਜਿਹੀ ਸੇਵਾ (ਪਰਿਵਾਰ ਸੰਸਧਾਨ ਕੁਆਰਡੀਨੇਸ਼ਨ ਦੇ ਲਈ ਰੈਗੂਲੇਸ਼ਨਾਂ ਦੇ ਤਹਿਤ ਲੁੜੀਂਦੇ ਪ੍ਰਸ਼ਾਸਕੀ ਕਾਰਜਾਂ ਤੋਂ ਸਿਵਾਏ) ਨੂੰ ਪਹਿਲਾਂ ਸਵੀਕਾਰ ਕਰਕੇ ਬਾਅਦ ਵਿੱਚ ਅਸਵੀਕਾਰ ਕਰ ਸਕਦੇ ਹੋ, ਅਤੇ ਇੰਝ ESIT ਪ੍ਰੋਗਰਾਮ ਦੇ ਅਧੀਨ ਹੋਰਾਂ ਪੂਰਵ ਦਖਲ ਸੇਵਾਵਾਂ ਨੂੰ ਰੱਦ ਕੀਤੇ ਬਿਨਾਂਕਰ ਸਕਦੇ ਹੋ।

## ਰਿਕਾਰਡ

*ਮਾਤਾ-ਪਿਤਾ ਕੋਲ ਆਪਣੇ ਬੱਚਿਆਂ ਦੇ ਰਿਕਾਰਡਾਂ ਤੱਕ ਪਹੁੰਚ ਪ੍ਰਾਪਤ ਕਰਨ ਅਤੇ ਉਹਨਾਂ ਦੀ ਸਮੀਖਿਆ ਕਰਨ ਲਈ ਕੀ ਅਧਿਕਾਰ ਹਨ?*

**ਗੁਪਤਤਾ**

ਇਸ ਦਸਤਾਵੇਜ਼ ਵਿੱਚ ਦੱਸੀਆਂ ਗੀਆਂ ਜਾਣਕਾਰੀ ਪ੍ਰਕਿਰਿਆਵਾਂ ਦੀ ਗੁਪਤਤਾ ਦੇ ਅਨੁਸਾਰ, ਤੁਹਾਨੂੰ IFSP ਦੀ ਸਕ੍ਰੀਨਿੰਗ, ਮੁਲਾਂਕਣਾਂ ਅਤੇ ਆਕਲਨਾਂ, ਯੋਗਤਾ ਨਿਰਧਾਰਨਾਂ, ਵਿਕਾਸ ਅਤੇ ਲਾਗੂ ਕਰਨ, ਪੂਰਵ ਦਖਲ ਸੇਵਾਵਾਂ ਦੇ ਪ੍ਰਾਵਧਾਨ, ਤੁਹਾਡੇ ਬੱਚੇ ਦੇ ਨਾਲ ਸੰਬੰਧਤ ਵਿਅਕਤੀਗਤ ਸ਼ਿਕਾਇਤਾਂ, ਅਤੇ ਤੁਹਾਡੇ ਬੱਚੇ ਅਤੇ ਤੁਹਾਡੇ ਪਰਿਵਾਰ ਦੇ ਬਾਰੇ ਰਿਕਾਰਡਾਂ ਨੂੰ ਸ਼ਾਮਲ ਕਰਦੇ ਹੋਏ ਭਾਗ C ਪ੍ਰੋਗਰਾਮ ਦੇ ਕਿਸੇ ਹੋਰ ਹਿੱਸੇ ਦੇ ਨਾਲ ਸੰਬੰਧਤ ਕਿਸੇ ਵੀ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਹਰੇਕ ਪੂਰਵ ਦਖਲ ਸੇਵਾ ਪ੍ਰਦਾਤੇ ਨੂੰ ਤੁਹਾਨੂੰ ਤੁਹਾਡੇ ਬੱਚੇ ਦੇ ਪੂਰਵ ਦਖਲ ਸੇਵਾਵਾਂ ਦੇਲਈ ਰੈਫੱਰ ਹੋਣ ਤੋਂ ਲੈ ਕੇ ਭਾਗੀਦਾਰੀ ਏਜੰਸੀ ਦੇ ਲਾਗੂ ਫੈਡਰਲ ਅਤੇ ਰਾਜ ਕਨੂੰਨਾਂ ਦੇ ਅਧੀਨ ਜਾਣਕਾਰੀ ਨੂੰ ਸੰਭਾਲਣ ਦੀ ਲੋੜ ਨਾ ਹੋਣ ਤੱਕ ਭਾਗ C ਦੇ ਅਧੀਨ ਕਾਂਟ੍ਰੈਕਟਰ ਜਾਂ ਪ੍ਰਦਾਤਾ ਵੱਲੋਂ ਇਕੱਠੇ ਕੀਤੇ ਗਏ, ਸੰਭਾਲੇ ਗਏ ਜਾਂ ਵਰਤੇ ਗਏ ਤੁਹਾਡੇ ਬੱਚੇ ਜਾਂ ਪਰਿਵਾਰ ਦੇ ਨਾਲ ਸੰਬੰਧਤ ਕਿਸੇ ਵੀ ਰਿਕਾਰਡ ਦੀ ਜਾਂਚ ਅਤੇ ਸਮੀਖਿਆ (ਕਾਰੋਬਾਰੀ ਘੰਟਿਆਂ ਦੇ ਦੌਰਾਨ) ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਪੂਰਵ ਦਖਲ ਸੇਵਾ ਪ੍ਰਦਾਤਾ ਨੂੰ ਕੋਈ ਬੇਨਤੀ ਕੀਤੇ ਜਾਣ ਤੋਂ ਬਾਅਦ 10 ਕੈਲੰਡਰ ਦਿਨਾਂ ਦੇ ਅੰਦਰ ਬਿਨਾਂ ਕਿਸੇ ਵਾਧੂ ਦੇਰੀ ਦੇ ਅਤੇ IFSP ਦੇ ਸੰਬੰਧ ਵਿੱਚ ਜਾਂ ਤੁਹਾਡੇ ਬੱਚੇ ਅਤੇ ਪਰਿਵਾਰ ਦੀ ਪਛਾਣ, ਮੁਲਾਂਕਣ, ਪਲੇਸਮੈਂਟ, ਜਾਂ ਸੇਵਾਵਾਂ ਦੇ ਪ੍ਰਾਵਧਾਨ ਦੇ ਨਾਲ ਸੰਬੰਧਤਸੁਣਵਾਈ ਦੇ ਸੰਬੰਧ ਵਿੱਚ ਕਿਸੇ ਮੀਟਿੰਗ ਤੋਂ ਪਹਿਲਾਂ ਬੇਨਤੀ ਦਾ ਅਨੁਪਾਲਨ ਕਰਨਾ ਚਾਹੀਦਾ ਹੈ। ਪੂਰਵ ਦਖਲ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦੇ ਮੌਕਿਆਂ ਵਿੱਚ ਸ਼ਾਮਲ ਹਨ:

- ਰਿਕਾਰਡ ਦੇ ਲਈ ਵਿਆਖਿਆਵਾਂ ਅਤੇ ਅਨੁਵਾਦਾਂ ਦੇ ਲਈ ਵਾਜਬ ਬੇਨਤੀਆਂ ਦੇ ਪ੍ਰਤੀਪੂਰਵ ਦਖਲ ਸੇਵਾ ਪ੍ਰਦਾਤੇ ਵੱਲੋਂ ਜਵਾਬ ਪ੍ਰਾਪਤ ਕਰਨ ਦਾ ਅਧਿਕਾਰ।
- ਇਹ ਬੇਨਤੀ ਕਰਨ ਦਾ ਅਧਿਕਾਰ ਕਿ ਪੂਰਵ ਦਖਲ ਸੇਵਾ ਪ੍ਰਦਾਤਾ ਜਾਣਕਾਰੀ ਨੂੰ ਸ਼ਾਮਲ ਕਰਦੇ ਹੋਏ ਰਿਕਾਰਡ ਮੁਹੱਈਆ ਕਰਵਾਏਗਾ, ਜੇਕਰ ਉਹਨਾਂ ਪ੍ਰਤੀਆਂ ਨੂੰ ਮੁਹੱਈਆ ਕਰਨ ਵਿੱਚ ਅਸਫਲਤਾ ਤੁਹਾਨੂੰ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦੇ ਮੌਕੇ ਨੂੰ ਵਰਤਣ ਦੇ ਤੋਂ ਅਸਰਦਾਰ ਢੰਗ ਨਾਲ ਰੋਕਦੀਆਂ ਹਨ।
- ਤੁਹਾਡਾ ਪ੍ਰਤੀਨਿੱਧ ਕਰਨ ਵਾਲੇ ਵਿਅਕਤੀ ਵੱਲੋਂ ਤੁਹਾਡੇ ਰਿਕਾਰਡ ਦੀ ਜਾਂਚ ਅਤੇ ਸਮੀਖਿਆ ਕਰਵਾਉਣ ਦਾ ਅਧਿਕਾਰ।

ਇੱਕ ਪੂਰਵ ਦਖਲ ਸੇਵਾ ਪ੍ਰਦਾਤਾ ਇਹ ਮੰਨ ਸਕਦਾ ਹੈ ਕਿ ਤੁਹਾਡੇ ਕੋਲ ਤੁਹਾਡੇ ਬੱਚੇ ਦੇ ਨਾਲ ਸੰਬੰਧਤ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦਾ ਅਧਿਕਾਰ ਹੈ ਸਿਵਾਏ ਓਦੋਂ ਜਦੋਂ ਕਾਂਟ੍ਰੈਕਟਰ ਜਾਂ ਪ੍ਰਦਾਤੇ ਨੂੰ ਉਹ ਦਸਤਾਵੇਜ਼ ਮੁਹੱਈਆ ਕਰਵਾਏ ਗਏ ਹਨ ਜਿੰਨ੍ਹਾਂਦੇ ਲਈ ਤੁਹਾਡੇ ਕੋਲ ਲਾਗੂ ਰਾਜ ਸ਼ਾਸ਼ਨਾਂ ਦੇ ਅਧੀਨ ਅਧਿਕਾਰ ਨਹੀਂ ਹੈ ਜਿਵੇਂ ਕਿ ਕਸਟਡੀ, ਫੋਸਟਰ ਦੇਖਭਾਲ, ਸਰਪ੍ਰਸਤਤਾ, ਵੱਖ ਹੋਣਾ, ਅਤੇ ਤਲਾਕ ਜਿਹੇ ਮੁੱਦੇ।

ਹਰੇਕ ਪੂਰਵ ਦਖਲ ਸੇਵਾ ਪ੍ਰਦਾਤਾ ਭਾਗ C ਦੇ ਅਧੀਨ ਇਕੱਤਰ, ਪ੍ਰਾਪਤ ਜਾਂ ਵਰਤੇ ਗਏ ਰਿਕਾਰਡਾਂ ਤੱਕ ਪਹੁੰਚ ਪ੍ਰਾਪਤ ਕਰਨ ਵਾਲੀਆਂ ਧਿਰਾਂ ਦਾ ਲਿਖਤ ਰਿਕਾਰਡ ਰੱਖਣਗੇ (ਸਿਵਾਏ ਮਾਤਾ-ਪਿਤਾ ਅਤੇ ਅਜਿਹੇ ਕਾਂਟ੍ਰੈਕਟਰ ਜਾਂ ਪ੍ਰਦਾਤੇ ਦੇ ਅਧਿਕਾਰਤ ਕਰਮਚਾਰੀਆਂ ਵੱਲੋਂ ਐਕਸੈਸ), ਜਿਸ ਵਿੱਚ ਧਿਰ ਦਾ ਨਾਮ, ਐਕਸੈਸ ਦੇਣ ਦੀ ਮਿਤੀ, ਅਤੇ ਧਿਰ ਵੱਲੋਂ ਬੱਚੇ ਦੇ ਰਿਕਾਰਡ ਨੂੰ ਵਰਤਣ ਦੇ ਲਈ ਧਿਰ ਨੂੰ ਅਧਿਕਾਰ ਦੇਣ ਦਾ ਉਦੇਸ਼ ਸ਼ਾਮਲ ਹੈ।

ਜੇਕਰ ਕਿਸੇ ਪੂਰਵ ਦਖਲ ਰਿਕਾਰਡ ਵਿੱਚ ਇੱਕ ਤੋਂ ਵੱਧ ਬੱਚੇ ਦੇ ਲਈ ਜਾਣਕਾਰੀ ਸ਼ਾਮਲ ਹੁੰਦੀ ਹੈ, ਤਾਂ ਤੁਸੀਂ ਕੇਵਲ ਆਪਣੇ ਬੱਚੇ, ਜਾਂ ਆਪਣੇ ਆਪ ਨਾਲ ਸੰਬੰਧਤ ਜਾਣਕਾਰੀ ਦੀ ਹੀ ਜਾਂਚ ਅਤੇ ਸਮੀਖਿਆ ਕਰ ਸਕਦੇ ਹੋ, ਜਾਂ ਉਸ ਵਿਸ਼ੇਸ਼ ਜਾਣਕਾਰੀ ਬਾਰੇ ਸੂਚਿਤ ਹੋ ਸਕਦੇ ਹੋ।

**ਇਸ ਭਾਗ ਵਿੱਚ ਹੇਠਲੀਆਂ ਪਰਿਭਾਸ਼ਾਵਾਂ ਦੀ ਵਰਤੋਂ ਕੀਤੀ ਗਈ ਹੈ:**

1. "**ਵਿਨਾਸ਼ ਕਰਨ ਤੋਂ**" ਮਤਲਬ ਹੁੰਦਾ ਹੈ ਕਿ ਜਾਣਕਾਰੀ ਤੋਂ ਵਿਅਕਤੀਗਤ ਤੌਰ 'ਤੇ ਪਛਾਣਨਯੋਗ ਜਾਣਕਾਰੀ ਨੂੰ ਭੌਤਿਕ ਤੌਰ 'ਤੇ ਨਸ਼ਟ ਕਰਨਾ ਜਾਂ ਹਟਾਉਣਾ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਇਹ ਹੁਣ ਵਿਅਕਤੀਗਤ ਤੌਰ 'ਤੇ ਪਛਾਣੀ ਨਾ ਜਾ ਸਕੇ;
2. "**ਪੂਰਵ ਦਖਲ ਰਿਕਾਰਡ,**" "**ਸਿੱਖਿਆ ਰਿਕਾਰਡ (ਰਿਕਾਰਡਾਂ)**" ਜਾਂ "ਰਿਕਾਰਡ (ਰਿਕਾਰਡਾਂ)" ਤੋਂ ਭਾਵ ਹੈ ਇੱਕ ਬੱਚੇ ਦੇ ਬਾਰੇ ਸਾਰੇ ਰਿਕਾਰਡ ਜਿੰਨ੍ਹਾਂ ਨੂੰ ਭਾਗ C ਦੇ ਅਧੀਨ ਇਕੱਠੇ ਕੀਤੇ ਜਾਣ, ਬਣਾਏ ਰੱਖਣ ਜਾਂ ਵਰਤੇ ਜਾਣ ਦੀ ਲੋੜ ਹੁੰਦੀ ਹੈ; ਅਤੇ
3. "**ਭਾਗੀਦਾਰੀ ਏਜੰਸੀ**" ਤੋਂ ਭਾਵ ਹੈ ਕੋਈ ਵਿਅਕਤੀ, ਏਜੰਸੀ, ਇਕਾਈ ਜਾਂ ਸੰਸਥਾ ਜੋ ਭਾਗ C ਦੀਆਂ ਲੋੜਾਂ ਨੂੰ ਲਾਗੂ ਕਰਨ ਵਾਸਤੇ ਵਿਅਕਤੀਗਤ ਤੌਰ 'ਤੇ ਪਛਾਣਨਯੋਗ ਜਾਣਕਾਰੀ ਨੂੰ ਇਕੱਠਾ ਕਰੇਗੀ, ਬਣਾਏ ਰੱਖੇਗੀ ਜਾਂ ਵਰਤੇਗੀ। ਭਾਗੀਦਾਰੀ ਏਜੇਸੀ ਵਿੱਚ ਸਟੇਟ ਪ੍ਰਮੁੱਖ ਏਜੰਸੀ, ਹਰੇਕ ਪੂਰਵ ਦਖਲ ਸੇਵਾ ਪ੍ਰਦਾਤਾ ਸ਼ਾਮਲ ਹੈ ਜੋ ਭਾਗ C ਸੇਵਾਵਾਂ (ਸੇਵਾ ਕੁਆਰਡੀਨੇਸ਼ਨ, ਮੁਲਾਂਕਣਾਂ ਅਤੇ ਅਸੈਸਮੈਂਟਾਂ ਅਤੇ ਹੋਰ ਭਾਗ C ਸੇਵਾਵਾਂ ਸ਼ਾਮਲ ਹਨ)। ਇਸ ਵਿੱਚ ਪ੍ਰਮੁੱਖ ਹਵਾਲਾ ਸੰਸਾਧਨ ਜਾਂ ਉਹ ਸਰਕਾਰੀ ਜਾਂ ਨਿੱਜੀ ਏਜੰਸੀਆਂਸ਼ਾਮਲ ਨਹੀਂ ਹਨ ਜੋ ਪੂਰਵ ਦਖਲ ਸੇਵਾਵਾਂ ਨੂੰ ਫੰਡ ਪ੍ਰਦਾਨ ਕਰਦੀਆਂ ਹਨ।

## ਰਿਕਾਰਡ

ਹਰੇਕ ਪੂਰਵ ਦਖਲ ਸੇਵਾ ਪ੍ਰਦਾਤਾ ਤੁਹਾਨੂੰ ਬੇਨਤੀ ਕੀਤੇ ਜਾਣ ‘ਤੇ, ਕਾਂਟ੍ਰੈਕਟਰ ਜਾਂ ਪ੍ਰਦਾਤੇ ਵੱਲੋਂ ਇਕੱਤਰ, ਸੰਭਾਲੇ, ਜਾਂ ਵਰਤੇ ਗਏ ਪੂਰਵ ਦਖਲ ਰਿਕਾਰਡਾਂ ਦੀਆਂ ਕਿਸਮਾਂ ਦੀਆਂ ਸੂਚੀਆਂ ਅਤੇ ਸਥਾਨ ਮੁਹੱਈਆ ਕਰੇਗਾ। ਇੱਕ ਪੂਰਵ ਦਖਲ ਪ੍ਰਦਾਤਾ ਭਾਗ C ਦੇ ਅਧੀਨ ਤੁਹਾਡੇ ਲਈ ਕੀਤੇ ਗਏ ਰਿਕਾਰਡਾਂ ਦੀਆਂ ਕਾਪੀਆਂ ਦੇ ਲਈ ਸ਼ੁਲਕ ਲਗਾ ਸਕਦਾ ਹੈ ਜੇਕਰ ਇਹ ਸ਼ੁਲਕ ਤੁਹਾਨੂੰ ਅਸਰਦਾਰ ਢੰਗ ਨਾਲ ਉਹਨਾਂ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦਾ ਮੌਕਾ ਵਰਤਣ ਤੋਂ ਰੋਕਦੀ ਹੈ। ਹਾਲਾਂਕਿ, ਉਹ ਭਾਗ C ਦੇ ਅਧੀਨ ਜਾਣਕਾਰੀ ਖੋਜਣ ਜਾਂਇਸ ਨੂੰ ਦੁਬਾਰਾ ਪ੍ਰਾਪਤ ਕਰਨ ਦੇ ਲਈ ਸ਼ੁਲਕ ਸ਼ਾਇਦ ਨਾ ਲਗਾਉਣ। ਇਸ ਤੋਂ ਇਲਾਵਾ, ਤੁਹਾਨੂੰ ਬਿਨਾਂ ਕਿਸੇ ਖਰਚ ਦੇ ਹਰੇਕ IFSP ਮੀਟਿੰਗ ਤੋਂ ਬਾਅਦ ਹਰੇਕ ਮੁਲਾਂਕਣ, ਬੱਚੇ ਦੇ ਆਕਲਨ, ਪਰਿਵਾਰ ਦੇ ਆਕਲਨ, ਅਤੇ IFSP ਦੀ ਜਲਦੀ ਤੋਂ ਜਲਦੀ ਕਾਪੀ ਵੀ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਭਾਗ C ਦੇ ਅਧੀਨ ਇਕੱਤਰ ਕੀਤੇ, ਸੰਭਾਲ ਕੀਤੇ, ਜਾਂ ਵਰਤੇ ਗਏ ਪੂਰਵ ਦਖਲ ਰਿਕਾਰਡਾਂ ਵਿੱਚ ਜਾਣਕਾਰੀ ਗਲਤ ਜਾਂ ਭੜਕਾਉਣ ਵਾਲੀ ਹੈ, ਜਾਂ ਤੁਹਾਡੇ ਜਾਂ ਤੁਹਾਡੇ ਬੱਚੇ ਦੀ ਪਰਦੇਦਾਰੀ ਜਾਂ ਹੋਰਾਂ ਅਧਿਕਾਰਾਂ ਦਾ ਉਲੰਘਨ ਕਰਦੀ ਹੈ ਤਾਂ ਤੁਸੀਂ ਉਸ ਪੂਰਵ ਦਖਲ ਸੇਵਾ ਪ੍ਰਦਾਤਾ ਕੋਲ ਬੇਨਤੀ ਕਰ ਸਕਦੇ ਹੋ, ਜੋ ਜਾਣਕਾਰੀ ਵਿੱਚ ਸੰਸ਼ੋਧਨ ਕਰਨ ਲਈ ਜਾਣਕਾਰੀ ਦੀ ਸੰਭਾਲ ਕਰਦਾ ਹੈ।

- ਅਜਿਹੇ ਕਾਂਟ੍ਰੈਕਟਰ ਜਾਂ ਪ੍ਰਦਾਤਾ ਨੂੰ ਇਹ ਫੈਸਲਾ ਕਰਨ ਦੀ ਜ਼ਰੂਰਤ ਹੈ ਕਿ ਕੀ ਉਸ ਵੱਲੋਂ ਬੇਨਤੀ ਪ੍ਰਾਪਤ ਹੋਣ ਤੋਂ ਬਾਅਦ ਵਾਜਬ ਸਮੇਂ ਮਿਆਦ ਦੇ ਅੰਦਰ ਬੇਨਤੀ ਦੇ ਅਨੁਸਾਰ ਜਾਣਕਾਰੀ ਵਿੱਚ ਸੰਸ਼ੋਧਨ ਕਰਨ ਦੀ ਲੋੜ ਹੈ ਕਿ ਨਹੀਂ।
- ਜੇਕਰ ਅਜਿਹੇ ਕਾਂਟ੍ਰੈਕਟਰ ਜਾਂ ਪ੍ਰਦਾਤਾ ਤੁਹਾਡੀ ਬੇਨਤੀ ਦੇ ਅਨੁਸਾਰ ਜਾਣਕਾਰੀ ਵਿੱਚ ਸੰਸ਼ੋਧਨ ਕਰਨ ਤੋਂ ਮਨ੍ਹਾ ਕਰਦੇ ਹਨ, ਤਾਂ ਤੁਹਾਨੂੰ ਮਨਾਹੀ ਦੇ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਸੁਣਵਾਈ ਦੇ ਅਧਿਕਾਰ ਬਾਰੇ ਦੱਸਿਆ ਜਾਣਾ ਚਾਹੀਦਾ ਹੈ।



ਪੂਰਵ ਦਖਲ ਸੇਵਾ ਪ੍ਰਦਾਤਾ ਨੂੰ ਬੇਨਤੀ ਕੀਤੇ ਜਾਣ ‘ਤੇ ਪੂਰਵ ਦਖਲ ਰਿਕਾਰਡਾਂ ਵਿੱਚ ਜਾਣਕਾਰੀ ਨੂੰ ਚੁਣੌਤੀ ਦੇਣ ਦੇ ਲਈ ਸੁਣਵਾਈ ਦੇ ਲਈ ਮੌਕਾ ਮੁਹੱਈਆ ਕਰਵਾਉਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਇਹ ਗਲਤ, ਭੜਕਾਉਣ ਵਾਲੀ, ਜਾਂ ਤੁਹਾਡੇ ਅਤੇ ਤੁਹਾਡੇ ਬੱਚੇ ਦੀ ਪਰਦੇਦਾਰੀ ਜਾਂ ਹੋਰਾਂ ਅਧਿਕਾਰਾਂ ਦੇ ਉਲੰਘਨ ਵਿੱਚ ਨਹੀਂਹੈ। ਤੁਸੀਂ ਭਾਗ C ਦੀਆਂ ਪ੍ਰਕਿਰਿਆਵਾਂ ਜਾਂ ਸੁਣਵਾਈ ਦੀਆਂ ਪ੍ਰਕਿਰਿਆਵਾਂ ਦੇ ਅਧੀਨ ਨਿਰਧਾਰਤ ਪ੍ਰਕਿਰਿਆ ਦੇ ਲਈ ਬੇਨਤੀ ਕਰ ਸਕਦੇ ਹੋ ਜੋ 34 CFR 99.22 ‘ਤੇ ਪਰਿਵਾਰਕ ਸਿੱਖਿਅਕ ਅਧਿਕਾਰਾਂ ਅਤੇ ਪਰਦੇਦਾਰੀ ਕਨੂੰਨ (FERPA) ਦੇ ਨਾਲ ਸੰਗਤ ਹੋਣ।

- ਜੇ,ਕਰ ਸੁਣਵਾਈ ਦੇ ਨਤੀਜੇ ਵਜੋਂ, ਅਜਿਹਾ ਕਾਂਟ੍ਰੈਕਟਰ ਜਾਂ ਪ੍ਰਦਾਤਾ ਇਹ ਫੈਸਲਾ ਕਰਦਾ ਹੈ ਕਿ ਇਹ ਜਾਣਕਾਰੀ ਗਲਤ, ਭੜਕਾਉਣ ਵਾਲੀ, ਜਾਂ ਤੁਹਾਡੇ ਅਤੇ ਤੁਹਾਡੇ ਬੱਚੇ ਦੀ ਪਰਦੇਦਾਰੀ ਜਾਂ ਹੋਰਾਂ ਅਧਿਕਾਰਾਂ ਦਾ ਉਲੰਘਨ ਕਰਦੀ ਹੈ, ਤਾਂ ਉਹਨਾਂ ਨੂੰ ਉਸ ਅਨੁਸਾਰ ਜਾਣਕਾਰੀ ਵਿੱਚ ਸੰਸ਼ੋਧਨ ਕਰਨਾ ਚਾਹੀਦਾ ਹੈ ਅਤੇ ਤੁਹਾਨੂੰ ਲਿਖਤ ਵਿੱਚ ਸੂਚਿਤ ਕਰਨਾ ਚਾਹੀਦਾ ਹੈ।
- ਜੇਕਰ, ਸੁਣਵਾਈ ਦੇ ਨਤੀਜੇ ਵਜੋਂ, ਅਜਿਹਾ ਕਾਂਟ੍ਰੈਕਟਰ ਜਾਂ ਪ੍ਰਦਾਤਾ ਫੈਸਲਾ ਕਰਦਾ ਹੈ ਕਿ ਕਿ ਉਹ ਜਾਣਕਾਰੀ ਗਲਤ, ਭੜਕਾਉਣ ਵਾਲੀ ਹੈ, ਜਾਂ ਤੁਹਾਡੇ ਅਤੇ ਤੁਹਾਡੇ ਬੱਚੇ ਦੀ ਪਰਦੇਦਾਰੀ ਅਤੇ ਹੋਰਾਂ ਅਧਿਕਾਰਾਂ ਦਾ ਉਲੰਘਨ ਕਰਦੀ ਹੈ, ਤਾਂ ਤੁਹਾਨੂੰ ਤੁਹਾਡੇ ਬੱਚੇ ਦੇ ਰਿਕਾਰਡਾਂ ਵਿੱਚ ਇਸ ਜਾਣਕਾਰੀ ‘ਤੇ ਟਿੱਪਣੀ ਕਰਦਾ ਹੋਇਆ ਕਥਨ ਸ਼ਾਮਲ ਕਰਨ ਦੇ ਅਧਿਕਾਰ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ, ਅਤੇ ਕਾਂਟ੍ਰੈਕਟਰ ਜਾਂ ਪ੍ਰਦਾਤੇ ਦੇ ਫੈਸਲੇ ਦੇ ਨਾਲ ਅਸਹਿਮਤ ਹੋਣ ਦੇ ਕੋਈ ਹੋਰ ਕਾਰਨਾਂ ਨੂੰ ਨਿਰਧਾਰਨ ਕਰਨ ਦੇ ਅਧਿਕਾਰਾਂ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ।
- ਇਹਨਾਂ ਪ੍ਰਕਿਰਿਆਵਾਂ ਦੇ ਅਧੀਨ ਤੁਹਾਡੇ ਬੱਚੇ ਦੇ ਰਿਕਾਰਡਾਂ ਦੇ ਵਿੱਚ ਰੱਖੇ ਗਏ ਕਿਸੇ ਵੀ ਸਪਸ਼ਟੀਕਰਨ ਨੂੰ ਤੱਦ ਤੱਕ ਤੁਹਾਡੇ ਬੱਚੇ ਦੇ ਰਿਕਾਰਡਾਂ ਦੇ ਹਿੱਸੇ ਵਜੋਂ ਪੂਰਵ ਦਖਲ ਸੇਵਾ ਪ੍ਰਦਾਤਾ ਵੱਲੋਂ ਸੰਭਾਲਿਆ ਜਾਣਾ ਚਾਹੀਦਾ ਹੈ ਜੱਦ ਤੱਕ ਰਿਕਾਰਡ ਜਾਂ ਮੁਕਾਬਲਾ ਭਾਗ (ਰਿਕਾਰਡ ਦਾ ਉਹ ਭਾਗ ਜਿਸ ਦੇ ਨਾਲ ਤੁਸੀਂ ਅਸਹਿਮਤ ਹੋ) ਅਜਿਹੇ ਕਾਂਟ੍ਰੈਕਟਰ ਜਾਂ ਪ੍ਰਦਾਤੇ ਵੱਲੋਂ ਸੰਭਾਲਿਆ ਜਾਂਦਾ ਹੈ।
- ਜੇਕਰ ਤੁਹਾਡੇ ਬੱਚੇ ਜਾਂ ਮੁਕਾਬਲਾ ਕੀਤੇ ਭਾਗ ਦੇ ਰਿਕਾਰਡ ਅਜਿਹੇ ਕਿਸੇ ਕਾਂਟ੍ਰੈਕਟਰ ਜਾਂ ਪ੍ਰਦਾਤਾ ਵੱਲੋਂ ਕਿਸੇ ਧਿਰ ਨੂੰ ਪ੍ਰਕਟ ਕੀਤੇ ਜਾਂਦੇ ਹਨ ਤਾਂ ਤੁਹਾਡੇ ਸਪਸ਼ਟੀਕਰਨ ਨੂੰ ਵੀ ਧਿਰ ਨੂੰ ਪ੍ਰਕਟ ਕੀਤਾ ਜਾਣਾ ਚਾਹੀਦਾ ਹੈ।

### ਖੁਲਾਸੇ ਤੋਂ ਪਹਿਲਾਂ ਸਹਿਮਤੀ

ਮਾਤਾ-ਪਿਤਾ ਦੀ ਸਹਿਮਤੀ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ ਇਸ ਤੋਂ ਪਹਿਲਾਂ ਕਿ ਵਿਅਕਤੀਗਤ ਤੌਰ ‘ਤੇ ਪਛਾਣਯੋਗ ਜਾਣਕਾਰੀ:

- ਭਾਗ C ਦੇ ਅਧੀਨ ਜਾਣਕਾਰੀ ਨੂੰ ਇਕੱਤਰ ਕਰਨ, ਸੰਭਾਲਣ ਜਾਂ ਵਰਤਣ ਦੇ ਵਿੱਚ ਕਾਂਟ੍ਰੈਕਟਰ ਜਾਂ ਪ੍ਰਦਾਤਾ ਦੇ ਅਧਿਕਾਰੀਆਂ ਤੋਂ ਇਲਾਵਾ ਕਿਸੇ ਹੋਰ ਕੋਲ ਪ੍ਰਕਟ ਕੀਤੀ ਗਈ ਜਾਣਕਾਰੀ, ਸਿਵਾਏ ਜਦੋਂ ਭਾਗ C (34 CFR 303.414) ਅਤੇ FERPA (34 CFR 99.31) ਦੇ ਅਧੀਨ ਅਜਿਹਾ ਕਰਨ ਦਾ ਅਧਿਕਾਰ ਦਿੱਤਾ ਹੋਵੇ; ਜਾਂ
- ਭਾਗ C ਦੇ ਅਧੀਨ ਕਿਸੇ ਲੋੜ ਨੂੰ ਪੂਰਾ ਕਰਨ ਤੋਂ ਇਲਾਵਾ ਕਿਸੇ ਹੋਰ ਉਦੇਸ਼ ਦੇ ਲਈ ਵਰਤੀ ਜਾਵੇ।

## ਰਿਕਾਰਡ

ਤੁਹਾਡੇ ਬੱਚੇ ਦੇ ਪੂਰਵ ਦਖਲ ਰਿਕਾਰਡ ਦੀ ਜਾਣਕਾਰੀ ਪੂਰਵ ਦਖਲ ਸੇਵਾ ਪ੍ਰਦਾਤ ਵੱਲੋਂ ਹੋਰਾਂ ਏਜੰਸੀਆਂ ਨੂੰ ਤੁਹਾਡੀ ਸਹਿਮਤੀ ਦੇ ਬਿਨਾਂ ਪ੍ਰਕਾਸ਼ਿਤ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਕਾਂਟ੍ਰੈਕਟਰ ਜਾਂ ਪ੍ਰਦਾਤਾ FERPA ਦੇ ਅਧੀਨ ਇੰਝ ਕਰਨ ਲਈ ਅਧਿਕਾਰਤ ਨਾ ਹੋਵੇ। ਜੇਕਰ ਤੁਸੀਂ ਸਹਿਮਤੀ ਮੁਹੱਈਆ ਕਰਨ ਤੋਂ ਮਨ੍ਹਾ ਕਰਦੇ ਹੋ, ਤਾਂ ਪੂਰਵ ਦਖਲ ਸੇਵਾ ਪ੍ਰਦਾਤਾ ਮਨਾਹੀ ਦੇ ਨਾਲ ਸੰਬੰਧਤ ਪ੍ਰਕਿਰਿਆਵਾਂ ਨੂੰ ਲਾਗੂ ਕਰਦਾ ਹੈ, ਜਿਵੇਂ ਕਿ ਤੁਹਾਨੂੰ ਸਮਝਾਉਣਾ ਕਿ ਸਹਿਮਤੀ ਨਾ ਦੇਣ ਦੇ ਨਾਲ ਤੁਹਾਡੇ ਬੱਚੇ ਦੀ ਪੂਰਵ ਦਖਲ ਸੇਵਾਵਾਂ ਨੂੰ ਪ੍ਰਾਪਤ ਕਰਨ ਦੀ ਯੋਗਤਾ ਨੂੰ ਪ੍ਰਭਾਵਤ ਕਰਦੀ ਹੈ, ਜਦੋਂ ਤੱਕ ਕਿ ਪ੍ਰਕਿਰਿਆਵਾਂ ਤੁਹਾਡੇ ਮਨ੍ਹਾ ਕਰਨ ਦੇ ਅਧਿਕਾਰ ਵਿੱਚ ਉਲੰਘਨ ਨਹੀਂ ਪਾਉਂਦਾ।

ਭਾਗ C ਦੇ ਅਧੀਨ, ESIT ਵੱਲੋਂ ਲੁੜੀਂਦਾ ਹੈ ਕਿ ਉਹ ਤੁਹਾਡੀ ਸਹਿਮਤੀ ਦੇ ਬਿਨਾਂ ਸਟੇਟ ਸਿੱਖਿਆ ਏਜੰਸੀ (ਸਾਰਵਜਨਿਕ ਹਿਦਾਇਤਾਂ ਦੇ ਸੁਪਰਇੰਟੈਂਡੈਂਟ ਦੇ ਦਫਤਰ) ਨੂੰ ਅਤੇ ਜਿੱਥੇ ਤੁਹਾਡਾ ਬੱਚਾ ਰਹਿੰਦਾ ਹੈ ਉਸ ਸਥਾਨਕ ਸਿੱਖਿਆ ਏਜੰਸੀ (ਸਥਾਨਕ ਸਕੂਲ ਜਿਲ੍ਹੇ) ਨੂੰ ਤੁਹਾਡੇ ਬੱਚੇ ਦਾ ਨਾਮ ਅਤੇ ਜਨਮ ਮਿਤੀ, ਅਤੇ ਤੁਹਾਡੀ ਸੰਪਰਕ ਜਾਣਕਾਰੀ (ਤੁਹਾਡੇ ਨਾਮਾਂ, ਪਤਿਆਂ, ਅਤੇ ਟੈਲੀਫੋਨ ਨੰਬਰ ਦੇ ਸਮੇਤ) ਦਏ। ਇਸ ਜਾਣਕਾਰੀ ਦੀ ਲੋੜ IDEA ਦੇ ਭਾਗ B ਦੇ ਅਧੀਨ ਸੇਵਾਵਾਂ ਦੇ ਲਈ ਸੰਭਵ ਤੌਰ 'ਤੇ ਪਾਤਰ ਸਾਰੇ ਬੱਚਿਆਂ ਦੀ ਪਛਾਣ ਕਰਨ ਲਈ ਹੈ।

ਰਿਕਾਰਡਾਂ ਦੀ ਗੁਪਤਤਾ ਨੂੰ ਯਕੀਨੀ ਬਣਾਉਣ ਦੇ ਲਈ ਹੇਠ ਲਿਖੇ ਉਪਰਾਲੇ ਲਾਗੂ ਹੋਣੇ ਚਾਹੀਦੇ ਹਨ:

- ਹਰੇਕ ਪੂਰਵ ਦਖਲ ਸੇਵਾ ਪ੍ਰਦਾਤੇ ਨੂੰ ਸੰਗ੍ਰਹਿਣ, ਸੰਭਾਲ, ਸਟੋਰੇਜ, ਪ੍ਰਗਟੀਕਰਨ, ਅਤੇ ਵਿਨਾਸ਼ ਚਰਨਾਂ 'ਤੇ ਵਿਅਕਤੀਗਤ ਤੌਰ 'ਤੇ ਪਛਾਣਨਯੋਗ ਜਾਣਕਾਰੀ ਦੀ ਗੁਪਤਤਾ ਦੀ ਰੱਖਿਆ ਕਰਨ ਚਾਹੀਦੀ ਹੈ।
- ਹਰੇਕ ਪੂਰਵ ਦਖਲ ਸੇਵਾ ਪ੍ਰਦਾਤੇ ਦਾ ਇੱਕ ਅਧਿਕਾਰੀ ਕਿਸੇ ਵੀ ਵਿਅਕਤੀਗਤ ਤੌਰ 'ਤੇ ਪਛਾਣਨੋਗ ਜਾਣਕਾਰੀ ਦੀ ਗੁਪਤਤਾ ਨੂੰ ਯਕੀਨੀ ਕਰਨ ਦੇ ਲਈ ਜੁੰਮੇਵਾਰ ਹੈ।
- ਵਿਅਕਤੀਗਤ ਤੌਰ 'ਤੇ ਪਛਾਣਨਯੋਗ ਜਾਣਕਾਰੀ ਦਾ ਸੰਗ੍ਰਹਿਣ ਜਾਂ ਵਰਤੋਂ ਕਰ ਰਹੇ ਹਰੇਕ ਵਿਅਕਤੀ ਨੂੰ IDEA ਅਤੇ FERPA ਦਾ ਅਨੁਪਾਲਨ ਕਰਨ ਵਾਲੀਆਂ ਵਾਸ਼ਿੰਗਟਨ ਦੇ ਭਾਗ C ਦੀਆਂ ਪਾਲਸੀਆਂ ਅਤੇ ਪ੍ਰਕਿਰਿਆਵਾਂ ਦੇ ਸੰਬੰਧ ਵਿੱਚ ਸਿਖਲਾਈ ਜਾਂ ਹਿਦਾਇਤ ਪ੍ਰਾਪਤ ਹੋਣੀ ਚਾਹੀਦੀ ਹੈ।
- ਹਰੇਕ ਪੂਰਵ ਦਖਲ ਸੇਵਾ ਪ੍ਰਦਾਤੇ ਨੂੰ ਪਬਲਿਕ ਜਾਂਚ ਦੇ ਲਈ ਏਜੰਸੀ ਦੇ ਅੰਦਰ ਉਹਨਾਂ ਕਰਮਚਾਰੀਆਂ ਦੇ ਨਾਮਾਂ ਅਤੇ ਪਦਾਂ ਦੀ ਵਰਤਮਾਨ ਸੂਚੀ ਸੰਭਾਲਣੀ ਚਾਹੀਦੀ ਹੈ, ਜਿੰਨ੍ਹਾਂ ਕੋਲ ਵਿਅਕਤੀਗਤ ਤੌਰ 'ਤੇ ਪਛਾਣਨਯੋਗ ਜਾਣਕਾਰੀ ਤੱਕ ਪਹੁੰਚ ਹੈ।
- ਪੂਰਵ ਦਖਲ ਸੇਵਾ ਪ੍ਰਦਾਤਾ ਨੂੰ ਲਾਜ਼ਮੀ ਤੌਰ 'ਤੇ ਮਾਤਾ-ਪਿਤਾ ਨੂੰ ਸੂਚਿਤ ਕਰਨਾ ਚਾਹੀਦਾ ਹੈ ਜਦੋਂ ਭਾਗ C, 20 USC 1232f ਅਤੇ EDGAR ਦੇ ਵਿੱਚ GEPA ਪ੍ਰਾਵਧਾਨਾਂ, 34 CFR ਭਾਗਾਂ 76 ਅਤੇ 80 ਦੇ ਅਧੀਨ ਤੁਹਾਡੇ ਬੱਚੇ ਜਾਂ ਪਰਿਵਾਰ ਨੂੰ ਵਿਅਕਤੀਗਤ ਤੌਰ 'ਤੇ ਪਛਾਣ ਯੋਗ ਜਾਣਕਾਰੀ ਇਕੱਤਰ ਕਰਨ, ਰੱਖਣ ਜਾਂ ਇਸਦੀ ਵਰਤੋਂ ਕਰਨ ਦੀ ਜ਼ਰੂਰਤ ਨਹੀਂ ਹੁੰਦੀ ਹੈ।
- ਇੱਕ ਵਾਰ ਜਦੋਂ ਇਹ ਜਾਣਕਾਰੀ ਬੱਚੇ ਜਾਂ ਪਰਿਵਾਰ ਦੇ ਲਈ ਸੇਵਾ ਪ੍ਰਾਵਧਾਨ ਦੇ ਲਈ ਲੁੜੀਂਦੀ ਨਹੀਂ ਰਹਿ ਜਾਂਦੀ ਹੈ ਤਾਂ ਮਤਾ-ਪਿਤਾ ਦੀ ਬੇਨਤੀ 'ਤੇ ਜਾਣਕਾਰੀ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ।

ਸਮੇਂ ਦੀਆਂ ਸੀਮਾਵਾਂ ਤੋਂ ਬਿਨਾਂ ਤੁਹਾਡੇ ਬੱਚੇ ਦਾ ਨਾਮ, ਜਨਮ-ਮਿਤੀ, ਮਾਤਾ-ਪਿਤਾ ਦੀ ਸੰਪਰਕ ਜਾਣਕਾਰੀ (ਪਤੇ ਅਤੇ ਫੋਨ ਨੰਬਰ ਦੇ ਸਮੇਤ), ਸੇਵਾ ਸਹਿਯੋਗ (ਸਹਿਯੋਗਾਂ) (FRC) ਦੇ ਨਾਮ, ਅਤੇ ਪੂਰਵ ਦਖਲ ਪ੍ਰਦਾਤਾ, ਅਤੇ ਨਿਕਾਸੀ ਡੇਟਾ (ਨਿਕਾਸੀ ਤੋਂ ਬਾਅਦ ਸਾਲ ਅਤੇ ਉਮਰ, ਅਤੇ ਨਿਕਾਸੀ ਤੋਂ ਬਾਅਦ ਸ਼ਾਮਲ ਹੋਏ ਕੋਈ ਵੀ ਪ੍ਰੋਗਰਾਮ) ਨੂੰ ਸੰਭਾਲਿਆ ਜਾ ਸਕਦਾ ਹੈ।

ਹਰੇਕ ਪੂਰਵ ਦਖਲ ਸੇਵਾ ਪ੍ਰਦਾਤਾ ਲਈ ਵਿਅਕਤੀਗਤ ਤੌਰ 'ਤੇ ਪਛਾਣਨਯੋਗ ਜਾਣਕਾਰੀ ਦੀ ਗੁਪਤਤਾ ਦੀ ਰੱਖਿਆ ਕਰਨਾ ਜ਼ਰੂਰੀ ਹੈ ਅਤੇ ਉਹ ਮਾਤਾ-ਪਿਤਾ ਦੀ ਸਹਿਮਤੀ ਤੋਂ ਬਿਨਾਂ ਬੱਚਿਆਂ ਦੇ ਰਿਕਾਰਡ ਪ੍ਰਕਾਸ਼ਿਤ ਨਹੀਂ ਕਰ ਸਕਦੇ।

## ਵਿਵਾਦ ਹੱਲ ਪ੍ਰਕਿਰਿਆਵਾਂ

*ਤੁਸੀਂ ਕੀ ਕਰ ਸਕਦੇ ਹੋ ਜੇਕਰ ਤੁਹਾਨੂੰ ਆਪਣੇ ਬੱਚੇ ਦੇ ਪੂਰਵ ਦਖਲ ਪ੍ਰੋਗਰਾਮ ਜਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਲੈ ਕੇ ਚਿੰਤਾ ਹੈ?*

ਜੇਕਰ ਤੁਹਾਨੂੰ ਤੁਹਾਡੇ ਬੱਚੇ ਦੇ ਪੂਰਵ ਦਖਲ ਪ੍ਰੋਗਰਾਮ ਦੇ ਬਾਰੇ ਚਿੰਤਾ ਹੈ, ਤਾਂ ਕਿਰਪਾ ਕਰਕੇ ਇਸ ਨੂੰ ਜਲਦੀ ਤੋਂ ਜਲਦੀ FRC ਜਾਂ IFSP ਦੇ ਨਾਲ ਸਾਂਝਾ ਕਰੋ। ESIT ਪ੍ਰੋਗਰਾਮ ਸੰਭਵ ਨਿਊਨਤਮ ਸਤਰ 'ਤੇ ਗ਼ੈਰ-ਸਮਝੌਤਿਆਂ ਦੇ ਹੱਲ ਨੂੰ ਪ੍ਰੋਤਸਾਹਤ ਕਰਦਾ ਹੈ। ਹਾਲਾਂਕਿ, ਜੇਕਰ ਕਿਸੇ ਚਿੰਤਾ ਨੂੰ ਗ਼ੈਰ-ਰਸਮੀ ਢੰਗ ਨਾਲ ਹੱਲ ਨਹੀਂ ਕੀਤਾ ਜਾ ਸਕਦਾ, ਤਾਂ ਵਿਵਾਦ ਹੱਲ ਕਰਨ ਦੇ ਵਿਕਲਪ ਉਪਲਬਧ ਹਨ।

ਜੇਕਰ ਤੁਸੀਂ ਆਪਣੇ ਬੱਚੇ ਦੀ ਪਛਾਣ, ਮੁਲਾਂਕਣ, ਪਲੇਸਮੈਂਟ, ਜਾਂ ਤੁਹਾਡੇ ਬੱਚੇ ਜਾਂ ਪਰਿਵਾਰ ਦੇ ਲਈ ਉਚਿਤ ਦਖਲ ਸੇਵਾਵਾਂ ਦੇ ਪ੍ਰਾਵਧਾਨ ਦੇ ਨਾਲ ਅਸਹਿਮਤ ਹੋ ਤਾਂ ਤੁਸੀਂ ਆਪਣੀਆਂ ਚਿੰਤਾਵਾਂ ਦਾ ਸਮੇਂ ਸਿਰ ਹੱਲ ਕਰਨ ਲਈ ਬੇਨਤੀ ਕਰ ਸਕਦੇ ਹੋ।

**ਵਿਵਾਦ ਦਾ ਹੱਲ ਕਰਨ ਦੇ ਲਈ ਹੇਠਲੀਆਂ ਤਿੰਨ ਰਸਮੀ ਪ੍ਰਕਿਰਿਆਵਾਂ ਤੁਹਾਡੇ ਲਈ ਉਪਲਬਧ ਹਨ। ਇਹਨਾਂ ਵਿੱਚ ਮਧਿਅਸਥਤਾ ਸ਼ਾਮਲ ਹੁੰਦੀ ਹੈ, ਇੱਕ ਨਿਰਪੱਖ ਨਿਰਧਾਰਤ ਪ੍ਰਕਿਰਿਆ ਸੁਣਵਾਈ ਅਤੇ ਇੱਕ ਪ੍ਰਸ਼ਾਸਕੀ ਸ਼ਿਕਾਇਤ। ਇਸ ਨੂੰ ਕਿਸੇ ਵੀ ਕ੍ਰਮ ਵਿੱਚ ਕੀਤਾ ਜਾ ਸਕਦਾ ਹੈ।**



## ਮਧਿਅਸਥਤਾ

*ਮਧਿਅਸਥਤਾ ਤੁਹਾਨੂੰ ਇੱਕ ਗ਼ੈਰ-ਵਿਰੋਧਾਤਮਕ ਤਰੀਕੇ ਦੇ ਨਾਲ ਕਿਸੇ ਗ਼ਰੈਰ-ਸਮਝੌਤੇ ਦਾ ਹੱਲ ਕਰਨ ਦਾ ਮੌਕਾ ਦਿੰਦੀ ਹੈ। ਇਹ ਸਵੈ-ਇੱਛਤ ਹੈ ਅਤੇ ਇਸ ਦੇ ਲਈ ਦੋਨੋਂ ਧਿਰਾਂ ਵੱਲੋਂ ਸੁਤੰਤਰ ਤੌਰ 'ਤੇ ਸਹਿਮਤੀ ਹੋਣੀ ਚਾਹੀਦੀ ਹੈ।*

ਸਟੇਟ ਪ੍ਰਮੁੱਖ ਏਜੰਸੀ ਉਹਨਾਂ ਮਾਤਾ-ਪਿਤਾ ਅਤੇ ਪੂਰਵ ਦਖਲ ਸੇਵਾ ਪ੍ਰਦਾਤਿਆਂ ਨੂੰ ਪੇਸ਼ਕਸ਼ ਕਰਨ ਲਈ ਪ੍ਰਕਿਰਿਆਵਾਂ ਸਥਾਪਤ ਕਰ ਸਕਦੇ ਹਨ ਜੋ ਕਿ ਗ਼ੈਰ-ਦਿਲਚਸਪ ਧਿਰ (ਨਿਰਪੱਖ ਵਿਚੋਲਾ) ਦੇ ਨਾਲ ਤੁਹਾਡੇ ਲਈ ਸੁਵਿਧਾਜਨਕ ਸਮੇਂ ਅਤੇ ਸਥਾਨ 'ਤੇ ਮਿਲਣ ਦੇ ਮੌਕੇ ਦੇ ਲਈ ਮਧਿਅਸਥਤਾ ਪ੍ਰਕਿਰਿਆ ਨੂੰ ਨਾ ਵਰਤਣ ਦੀ ਚੋਣ ਕਰਦੇ ਹਨ, ਜੋ ਕਿ ਮਧਿਅਸਥਤਾ ਪ੍ਰਕਿਰਿਆ ਦੇ ਫਾਇਦਿਆਂ ਨੂੰ ਸਮਝਾਉਣ ਅਤੇ ਇਹਨਾਂ ਦੀ ਵਰਤੋਂ ਨੂੰ ਪ੍ਰੋਤਸਾਹਤ ਕਰਨ ਦੇ ਲਈ ਵਿਵਾਦ ਹੱਲ ਇਕਾਈ, ਜਾਂ ਸਟੇਟ ਵਿੱਚ ਮਾਤਾ-ਪਿਤਾ ਸਿਖਲਾਈ ਅਤੇ ਜਾਣਕਾਰੀ ਕੇਂਦਰ ਜਾਂ ਸਮੁਦਾਇਕ ਮਾਤ-ਪਿਤਾ ਸਰੋਤ ਕੇਂਦਰ ਦੇ ਨਾਲ ਸਮਝੌਤੇ ਦੇ ਅਧੀਨ ਹੈ।

ਮਧਿਅਸਥਤਾ ਨੂੰ ਮਧਿਅਸਥਤਾ ਦੇ ਲਈ ਬੇਨਤੀ ਦੇ ਲਈ ਸਟੇਟ ਪ੍ਰਮੁੱਖ ਏਜੰਸੀ ਵੱਲੋਂ ਰਸੀਦ ਪ੍ਰਾਪਤ ਹੋਣ ਤੋਂ ਬਾਅਦ ਸਮੇਂ ਸਿਰ ਪੂਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਭਾਗ C ਦੇ ਅਧੀਨ ਕਿਸੇ ਨਿਰਪੱਖ ਪ੍ਰਕਿਰਿਆ ਦੇ ਅਧਿਕਾਰਾਂ ਨੂੰ ਨਕਾਰਨ ਜਾਂ ਉਹਨਾਂ ਵਿੱਚ ਦੇਰੀ ਪਾਉਣ ਜਾਂ ਤੁਹਾਡੇ ਕਿਸੇ ਵੀ ਹੋਰਾਂ ਅਧਿਕਾਰਾਂ ਨੂੰ ਨਕਾਰਨ ਦੇ ਲਈ ਨਹੀਂ ਵਰਤੀ ਜਾ ਸਕਦੀ।

ਮਧਿਅਸਥਤਾ ਦੀ ਸਮਾਂ ਸਾਰਨੀ ਸਮੇਂ ਸਿਰ ਹੋਵੇਗੀ ਅਤੇ ਅਜਿਹੇ ਸਥਾਨ ਵਿੱਚ ਹੋਵੇਗੀ ਜੋ ਕਿ ਦੋਨੋਂ ਧਿਰਾਂ ਦੇ ਲਈ ਸੁਵਿਧਾਜਨਕ ਹੋਵੇ। ਇੱਕ ਯੋਗ ਅਤੇ ਨਿਰਪੱਖ ਵਿਚੋਲਾ, ਜਿਸ ਨੂੰ ਅਸਰਦਾਰ ਮਧਿਅਸਥਤਾ ਤਕਨੀਕਾਂ ਵਿੱਚ ਸਿਖਲਾਈ ਪ੍ਰਾਪਤ ਹੁੰਦੀ ਹੈ, ਇੱਕ ਗ਼ੈਰ-ਰਸਮੀ, ਗ਼ੈਰ-ਵਿਰੋਧਾਤਮਕ ਵਾਤਾਵਰਨ ਵਿੱਚ ਵਿਵਾਦ ਦਾ ਹੱਲ ਲੱਭਣ ਦੇ ਲਈ ਦੋਨੋਂ ਧਿਰਾਂ ਨੂੰ ਮਿਲੇਗਾ।

**ਮਧਿਅਸਥਤਾ** ਤੁਹਾਨੂੰ ਇੱਕ ਗ਼ੈਰ-ਵਿਰੋਧਾਤਮਕ ਤਰੀਕੇ ਦੇ ਨਾਲ ਕਿਸੇ ਗ਼ਰੈਰ-ਸਮਝੌਤੇ ਦਾ ਹੱਲ ਕਰਨ ਦਾ ਮੌਕਾ ਦਿੰਦੀ ਹੈ। ਇਹ ਸਵੈ-ਇੱਛਤ ਹੈ ਅਤੇ ਇਸ ਦੇ ਲਈ ਦੋਨੋਂ ਧਿਰਾਂ ਵੱਲੋਂ ਸੁਤੰਤਰ ਤੌਰ 'ਤੇ ਸਹਿਮਤੀ ਹੋਣੀ ਚਾਹੀਦੀ ਹੈ।

ਸਟੇਟ ਪ੍ਰਮੁੱਖ ਏਜੰਸੀ ਯੋਗ ਨਿਰਪੱਖ ਵਿਚੋਲਿਆਂ ਦੀ ਇੱਕ ਸੂਚੀ ਤਿਆਰ ਕਰ ਕੇ ਰੱਖਦੀ ਹੈ ਜਿੰਨ੍ਹਾਂ ਨੂੰ ਵਿਕਲਾਂਗ ਸ਼ਿਸ਼ੂਆਂ ਅਤੇ ਛੋਟੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਲਈ ਪੂਰਵ ਦਖਲ ਸੇਵਾਵਾਂ ਦੇ ਪ੍ਰਾਵਧਾਨਾਂ ਦੇ ਨਾਲ ਸੰਬੰਧਤ ਕਨੂੰਨਾਂ ਅਤੇ ਰੈਗੂਲੇਸ਼ਨਾਂ ਦਾ ਗਿਆਨ ਹੈ। ਵਿਚੋਲਿਆਂ ਨੂੰ ਇੱਕ ਬੇਤਰਤੀਬੀ, ਵਾਰੀ ਸਿਰ ਜਾਂ ਕੋਈ ਹੋਰ ਨਿਰਪੱਖ ਅਧਾਰ 'ਤੇ ਚੁਣਿਆ ਜਾਣਾ ਚਾਹੀਦਾ ਹੈ। ਸਟੇਟ ਪ੍ਰਮੁੱਖ ਏਜੰਸੀ ਮਧਿਅਸਥਤਾ ਨੂੰ ਪ੍ਰੋਤਸਾਹਤ ਕਰਨ ਦੇ ਲਈ ਮੀਟਿੰਗਾਂ ਦੇ ਸਾਰੇ ਖਰਚੇ ਦੇ ਸਮੇਤ ਮਧਿਅਸਥਤਾ ਦੇ ਖਰਚ ਦੇ ਲਈ ਜ਼ੁੰਮੇਵਾਰ ਹੈ।

ਜੇਕਰ ਗ਼ੈਰ-ਸਮਝੌਤਾ ਮਧਿਅਸਥਤਾ ਦੇ ਰਾਹੀਂ ਹੱਲ ਹੋ ਜਾਂਦਾ ਹੈ, ਤਾਂ ਧਿਰਾਂ ਨੂੰ ਇੱਕ ਕਨੂੰਨੀ ਸਮਝੌਤਾ ਮੁਕੰਮਲ ਕਰਨਾ ਹੋਵੇਗਾ ਜੋ ਇਸ ਹੱਲ ਨੂੰ ਸਮਝਾਉਂਦਾ ਹੋਵੇ ਅਤੇ ਜੋ ਇਹ ਦੱਸਦਾ ਹੈ ਕਿ ਮਧਿਅਸਥਤਾ ਪ੍ਰਕਿਰਿਆ ਦੇ ਦੌਰਾਨ ਹੋਈਆਂ ਸਾਰੀਆਂ ਚਰਚਾਵਾਂ ਗੁਪਤ ਹੋਣੀਆ ਚਾਹੀਦੀਆਂ ਹਨ ਅਤੇ ਇਹਨਾਂ ਨੂੰ ਕਿਸੇ ਵੀ ਅਨੁਵਰਤੀ ਨਿਰਧਾਰਤ ਪ੍ਰਕਿਰਿਆ ਦੀਆਂ ਸੁਣਵਾਈਆਂ ਜਾਂ ਸਰਕਾਰੀ ਕਾਰਵਾਈਆਂ ਦੇ ਵਿੱਚ ਸਬੂਤ ਦੇ ਤੌਰ 'ਤੇ ਨਹੀਂ ਵਰਤਿਆ ਜਾਣਾ ਚਾਹੀਦਾ। ਇਸ ਸਮਝੌਤੇ 'ਤੇ ਤੁਹਾਡੇ ਵੱਲੋਂ ਅਤੇ ਸਟੇਟ ਪ੍ਰਮੁੱਖ ਏਜੰਸੀ ਦੇ ਕਿਸੇ ਪ੍ਰਤੀਨਿੰਧ ਵੱਲੋਂ ਦਸਤਖਤ ਕੀਤੇ ਜਾਣੇ ਚਾਹੀਦੇ ਹਨ ਜਿਸ ਕੋਲ ਏਜੰਸੀ ਨੂੰ ਬੰਨ੍ਹਣ ਦਾ ਅਧਿਕਾਰ ਹੈ। ਇਹ ਲਿਖਤ, ਦਸਤਖਤ ਕੀਤਾ ਸਮਝੌਤਾ ਯੋਗ ਨਿਆਂ-ਅਧਿਕਾਰ ਦੇ ਕਿਸੇ ਵੀ ਰਾਜ ਕੋਰਟ ਜਾਂ ਸੰਯੁਕਤ ਰਾਜ ਦੇ ਜਿਲ੍ਹਾ ਕੋਰਟ ਦੇ ਵਿੱਚ ਲਾਗੂ ਕੀਤੇ ਜਾਣ ਯੋਗ ਹੈ।

ਮਧਿਅਸਥਤਾ ਤੁਹਾਨੂੰ ਕਿਸੇ ਵੀ ਸਮੇਂ ਇੱਕ ਨਿਰਪੱਖ ਨਿਰਧਾਰਤ ਪ੍ਰਕਿਰਿਆ ਦੇ ਲਈ ਬੇਨਤੀ ਕਰਨ ਦੇ ਲਈ ਪ੍ਰਤੀਬੰਧਤ ਨਹੀਂ ਕਰਦੀ ਹੈ। ਤੁਸੀਂ ਇੱਕੋ ਸਮੇਂ 'ਤੇ ਹੀ ਮਧਿਅਸਥਤਾ ਅਤੇ ਨਿਰਪੱਖ ਬਾਕੀ ਪ੍ਰਕਿਰਿਆ ਸੁਣਵਾਈ ਦੇ ਲਈ ਬੇਨਤੀ ਦਰਜ ਕਰ ਸਕਦੇ ਹੋ ਜਿਵੇਂ ਕਿ ਹੇਠਲੇ ਪੰਨੇ 'ਤੇ ਦੱਸਿਆ ਗਿਆ ਹੈ।

## ਨਿਰਪੱਖ ਨਿਰਧਾਰਤ ਪ੍ਰਕਿਰਿਆ ਦੀਆਂ ਸੁਣਵਾਈਆਂ

*ਇੱਕ ਨਿਰਪੱਖ ਨਿਰਧਾਰਤ ਪ੍ਰਕਿਰਿਆ ਨਿਰਪੱਖ ਸੁਣਵਾਈ ਅਧਿਕਾਰੀ ਵੱਲੋਂ ਸੰਚਾਲਤ ਕੀਤੀ ਜਾਣ ਵਾਲੀ ਇੱਕ ਰਸਮੀ ਪ੍ਰਕਿਰਿਆ ਹੈ ਅਤੇ ਉਹਨਾਂ ਪਰਿਵਾਰਾਂ ਦੇ ਲਈ ਇੱਕ ਵਿਕਲਪ ਹੈ ਜੋ ਆਪਣੇ ਬੱਚੇ ਦੀ ਤਰਫੋਂ ਇੱਕ ਵਿਅਕਤੀਗਤ ਸ਼ਿਕਾਇਤ ਦਰਜ ਕਰਵਾਉਣਾ ਚਾਹੁੰਦੇ ਹਨ।*

ਬੇਨਤੀ ਪ੍ਰਾਪਤ ਹੋਣ ਦੇ 30 ਕੈਲੰਡਰ ਦਿਨਾਂ ਦੇ ਅੰਦਰ ਨਿਰਪੱਖ ਨਿਰਧਾਰਤ ਪ੍ਰਕਿਰਿਆ ਦੀ ਸੁਣਵਾਈ ਨੂੰ ਪੂਰਾ ਕੀਤਾ ਜਾਣਾ ਅਤੇ ਇੱਕ ਲਿਖਤ ਫੈਸਲਾ ਕੀਤਾ ਜਾਣਾ ਲਾਜ਼ਮੀ ਹੈ। (ਜੇਕਰ ਕੋਸ਼ਿਸ਼ ਕੀਤੀ ਜਾਵੇ, ਤਾਂ ਮਧਿਅਸਥਤਾ ਉਸੇ 30 ਕੈਲੰਡਰ ਦਿਨਾਂ ਦੇ ਅੰਦਰ ਹੋਣਾ ਚਾਹੀਦਾ ਹੈ।) ਸੁਣਵਾਈ ਅਧਿਕਾਰੀਆਂ ਨੂੰ ਬਕਾਇਆ ਸੁਣਵਾਈਆਂ ਦਾ ਸੰਚਾਲਨ ਕਰਨ ਲਈ ਨਿਯੁਕਤ ਕੀਤਾ ਜਾਂਦਾ ਹੈ।

ਸੁਣਵਾਈ ਅਧਿਕਾਰੀਆਂ ਨੂੰ ਭਾਗ C ਦੇ ਪ੍ਰਾਵਧਾਨਾਂ ਅਤੇ ਪਾਤਰ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੀਆਂ ਲੋੜਾਂ ਅਤੇ ਉਹਨਾਂ ਦੇ ਲਈ ਉਪਲਬਧ ਸੇਵਾਵਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਹੇਠ ਲਿਖੇ ਕਰਤੱਵ ਨਿਭਾਉਣੇ ਚਾਹੀਦੇ ਹਨ:

- ਸ਼ਿਕਾਇਤ ਦੇ ਬਾਰੇ ਸੰਬੰਧਤ ਜਾਣਕਾਰੀ ਦੀ ਪ੍ਰਸਤੁਤੀ ਨੂੰ ਸੁਣਨ, ਸਮੱਸਿਆਵਾਂ ਦੇ ਬਾਰੇ ਸਾਰੀ ਸੰਬੰਧਤ ਜਾਣਕਾਰੀ ਦੀ ਜਾਂਚ ਕਰਨ ਅਤੇ ਸ਼ਿਕਾਇਤ ਦਾ ਸਮੇਂ ਸਿਰ ਹੱਲ ਕਰਨ ਦੀ ਕੋਸ਼ਿਸ਼ ਕਰਨ।
- ਲਿਖਤ ਸੂਚਨਾ ਦੇ ਸਮੇਤ ਸਟੇਟ ਦੇ ਖਰਚ 'ਤੇ ਕਾਰਵਾਈਆਂ ਦਾ ਰਿਕਾਰਡ ਮੁਹੱਈਆ ਕਰਵਾਉਣ।

ਭਾਗ C ਦੇ ਅਧੀਨ, ਤੁਹਾਨੂੰ ਇਹਨਾਂ ਪ੍ਰਕਿਰਿਆਵਾਂ ਦੇ ਅਧੀਨ ਕੀਤੀਆਂ ਜਾਣ ਵਾਲੀਆਂ ਨਿਰਪੱਖ ਨਿਰਧਾਰਤ ਪ੍ਰਕਿਰਿਆ ਸੁਣਵਾਈਆਂ ਦੇ ਵਿੱਚ ਹੇਠਾਂ ਸੂਚੀਬੱਧ ਅਧਿਕਾਰ ਦਿੱਤੇ ਜਾਂਦੇ ਹਨ।

- ਕਾਊਂਸਲ ਵੱਲੋਂ ਨਾਲ ਹੋਣ ਅਤੇ ਸਲਾਹ ਦਿੱਤੇ ਜਾਣ ਦੇ ਲਈ (ਤੁਹਾਡੇ ਖਰਚ 'ਤੇ) ਅਤੇ ਉਹਨਾਂ ਵਿਅਕਤੀਆਂ ਵੱਲੋਂ ਜਿੰਨ੍ਹਾਂ ਕੋਲ ਭਾਗ C ਦੇ ਅਧੀਨ ਯੋਗ ਬੱਚਿਆਂ ਦੇ ਲਈ ਪੂਰਵ ਦਖਲ ਸੇਵਾਵਾਂ ਦੇ ਬਾਰੇ ਵਿਸ਼ੇਸ਼ ਗਿਆਨ ਜਾਂ ਸਿਖਲਾਈ ਹੈ (ਤੁਹਾਡੇ ਖਰਚ 'ਤੇ)।
- ਸਬੂਤ ਦੇਣ ਅਤੇ ਗਵਾਹਾਂ ਦਾ ਮੁਕਾਬਲਾ ਕਰਨ, ਉਹਨਾਂ ਦੀ ਜਾਂਚ ਕਰਨ, ਉਹਨਾਂ ਨੂੰ ਹਾਜ਼ਰ ਹੋਣ ਲਈ ਮਜਬੂਰ ਕਰਨ ਵਾਸਤੇ।
- ਸੁਣਵਾਈ ਵੇਲੇ ਕਿਸੇ ਵੀਅਜਿਹੇ ਸਬੂਤ ਦੇ ਪੇਸ਼ ਕੀਤੇ ਜਾਣ 'ਤੇ ਰੋਕ ਲਗਾਉਣ ਲਈ ਜੋ ਅੱਗੇ ਵਧਣ ਤੋਂ ਘੱਟੋ ਘੱਟ ਪੰਜ ਕੈਲੰਡਰ ਦਿਨ ਪਹਿਲਾਂ ਤੁਹਾਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ।
- ਤੁਹਾਨੂੰ ਬਿਨਾਂ ਕਿਸੇ ਖਰਚ ਦੇ ਸੁਣਵਾਈ ਦਾ ਲਿਖਤੀ ਜਾਂ ਇਲੈਕਟ੍ਰਾਨਿਕ ਵਰਬੈਟਿਮ (ਸ਼ਬਦ ਦਰ ਸ਼ਬਦ) ਪ੍ਰਤੀਲਿਪੀ ਪ੍ਰਾਪਤ ਕਰਾਉਣ ਦੇ ਲਈ।
- ਤੁਹਾਨੂੰ ਬਿਨਾਂ ਖਰਚ ਦੇ ਤੱਥਾਂ ਅਤੇ ਫੈਸਲਿਆਂ ਦੀਆਂ ਲਿਖਤ ਲੱਭਤਾਂ ਪ੍ਰਾਪਤ ਕਰਾਉਣ ਲਈ।

ਇਹਨਾਂ ਪ੍ਰਕਿਰਿਆਵਾਂ ਵਿੱਚ ਦਰਸਾਈ ਗਈ ਨਿਰਪੱਖ ਨਿਰਧਾਰਤ ਪ੍ਰਕਿਰਿਆ ਦੀ ਸੁਣਵਾਈ ਇੱਕ ਅਜਿਹੇ ਸਮੇਂ ਅਤੇ ਸਥਾਨ ਤੇ ਕੀਤੀ ਜਾਣੀ ਚਾਹੀਦੀ ਹੈ ਜੋ ਤੁਹਾਡੇ ਲਈ ਵਾਜਬ ਤੌਰ 'ਤੇ ਸੁਵਿਧਾਜਨਕ ਹੋਵੇ। ਸਟੇਟ ਪ੍ਰਮੁੱਖ ਏਜੰਸੀ ਦੁਆਰਾ ਤੁਹਾਡੀ ਸ਼ਿਕਾਇਤ ਪ੍ਰਾਪਤ ਕਰਨ ਦੇ 30 ਕੈਲੰਡਰ ਦਿਨਾਂ ਦੇ ਅੰਦਰ, ਨਿਰਪੱਖ ਨਿਰਧਾਰਤ ਪ੍ਰਕਿਰਿਆ ਦੀ ਸੁਣਵਾਈ ਨੂੰ ਪੂਰਾ ਕਰਨਾ ਅਤੇ ਹਰੇਕ ਧਿਰ ਨੂੰ ਇੱਕ ਲਿਖਤੀ ਫੈਸਲਾ ਭੇਜਣਾ ਲਾਜ਼ਮੀ ਹੈ। ਸੁਣਵਾਈ ਅਧਿਕਾਰੀ ਕਿਸੇ ਵੀ ਧਿਰ ਦੀ ਬੇਨਤੀ 'ਤੇ 30 ਦਿਨਾਂ ਤੋਂ ਵੱਧ ਸਮੇਂ ਦੀ ਵਿਸ਼ੇਸ਼ ਮਿਆਦ ਵਧਾ ਸਕਦਾ ਹੈ। ਨਿਰਪੱਖ ਨਿਰਧਾਰਤ ਪ੍ਰਕਿਰਿਆ ਦੀ ਸੁਣਵਾਈ ਦੇ ਨਤੀਜਿਆਂ ਅਤੇ ਫੈਸਲਿਆਂ ਤੋਂ ਨਾ ਸੰਤੁਸ਼ਟ ਕਿਸੇ ਵੀ ਧਿਰ ਨੂੰ ਸਟੇਟ ਜਾਂ ਫੈੱਡਰਲ ਅਦਾਲਤ ਵਿੱਚ ਸਰਕਾਰੀ ਕਾਰਵਾਈ ਕਰਨ ਦਾ ਅਧਿਕਾਰ ਹੈ।

ਨਿਰਧਾਰਤ ਪ੍ਰਕਿਰਿਆ ਦੀ ਸ਼ਿਕਾਇਤ ਨੂੰ ਸ਼ਾਮਲ ਕਰਨ ਵਾਲੀ ਕਿਸੇ ਵੀ ਕਾਰਵਾਈ ਦੀ ਪੇਂਡੈਂਸੀ (ਸਮੇਂ ਦੀ ਮਿਆਦ) ਦੇ ਦੌਰਾਨ, ਜਦੋਂ ਤੱਕ ਪੂਰਵ ਦਖਲ ਸੇਵਾ ਪ੍ਰਦਾਤਾ ਅਤੇ ਤੁਸੀਂ ਇਸ ਤੋਂ ਵਿਪਰੀਤ 'ਤੇ ਸਹਿਮਤ ਨਹੀਂ ਹੁੰਦੇ, ਤੁਹਾਡਾ ਬੱਚਾ ਅਤੇ ਪਰਿਵਾਰ IFSP ਦੀ ਪਛਾਣ ਕੀਤੀ ਗਈ ਸੈਟਿੰਗ ਵਿੱਚ ਉਚਿਤ ਪੂਰਵ ਦਖਲ ਸੇਵਾਵਾਂ ਪ੍ਰਾਪਤ ਕਰਦੇ ਰਹਿਣਗੇ ਜਿਸ ਲਈ ਤੁਸੀਂ ਸਹਿਮਤੀ ਦਿੱਤੀ ਹੈ।

ਜੇ ਸ਼ਿਕਾਇਤ ਵਿੱਚ ਭਾਗ C ਦੇ ਤਹਿਤ ਪੂਰਵ ਦਖਲ ਸੇਵਾਵਾਂ ਲਈ ਅਰਜ਼ੀ ਸ਼ਾਮਲ ਹੈ, ਤਾਂ ਤੁਹਾਡੇ ਬੱਚੇ ਅਤੇ ਪਰਿਵਾਰ ਨੂੰ ਉਹ ਸੇਵਾਵਾਂ ਪ੍ਰਦਾਨ ਕਰਨੀਆਂ ਪੈਣਗੀਆਂ ਜੋ ਵਿਵਾਦਾਂ ਵਿੱਚ ਨਹੀਂ ਹਨ।

ਇੱਕ **ਨਿਰਪੱਖ ਨਿਰਧਾਰਤ ਪ੍ਰਕਿਰਿਆ** ਨਿਰਪੱਖ ਸੁਣਵਾਈ ਅਧਿਕਾਰੀ ਵੱਲੋਂ ਸੰਚਾਲਤ ਕੀਤੀ ਜਾਣ ਵਾਲੀ ਇੱਕ ਰਸਮੀ ਪ੍ਰਕਿਰਿਆ ਹੈ ਅਤੇ ਉਹਨਾਂ ਪਰਿਵਾਰਾਂ ਦੇ ਲਈ ਇੱਕ ਵਿਕਲਪ ਹੈ ਜੋ ਆਪਣੇ ਬੱਚੇ ਲਈ ਵਿਅਕਤੀਗਤ ਸ਼ਿਕਾਇਤ ਦਰਜ ਕਰਵਾਉਣਾ ਚਾਹੁੰਦੇ ਹਨ।

**ਵਿਚੋਲਿਆਂ ਅਤੇ ਸੁਣਵਾਈ ਅਧਿਕਾਰੀਆਂ ਦੇ ਬਾਰੇ ਜਾਣਕਾਰੀ ...**

ਵਿਚੋਲੇ ਅਤੇ ਨਿਰਧਾਰਤ ਪ੍ਰਕਿਰਿਆ ਸੁਣਵਾਈ ਅਧਿਕਾਰੀ " ਨਿਰਪੱਖ” ਹੋਣੇ ਚਾਹੀਦੇ ਹਨ।" ਨਿਰਪੱਖ ਤੋਂ ਭਾਵ ਹੈ ਉਸ ਵਿਅਕਤੀ ਤੋਂ ਜਿਸ ਨੂੰ ਮੱਧ ਵਿਅਕਤੀ ਜਾਂ ਸੁਣਵਾਈ ਅਧਿਕਾਰੀ ਦੇ ਤੌਰ 'ਤੇ ਸੇਵਾ ਕਰਨ ਲਈ ਨਿਯੁਕਤ ਕੀਤਾ ਗਿਆ ਹੈ:

1. ਇਹ ਸਟੇਟ ਪ੍ਰਮੁੱਖ ਏਜੰਸੀ ਦਾ ਕਰਮਚਾਰੀ, ਪੂਰਵ ਦਖਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਸ਼ਾਮਲ ਪੂਰਵ ਦਖਲ ਸੇਵਾ ਪ੍ਰਦਾਤਾ, ਹੋਰਾਂ ਸੇਵਾਵਾਂ, ਜਾਂ ਬੱਚੇ ਦੀ ਦੇਖਭਾਲ ਵਿੱਚ ਸ਼ਾਮਲ ਵਿਅਕਤੀ ਨਹੀਂ ਹੋ ਸਕਦਾ; ਅਤੇ
2. ਇਹਨਾਂ ਦਾ ਕੋਈ ਵਿਅਕਤੀਗਤ ਜਾਂ ਪੇਸ਼ੇਵਰ ਹਿੱਤ ਨਹੀਂ ਹੁੰਦਾ ਜੋ ਪ੍ਰਕਿਰਿਆ ਨੂੰ ਲਾਗੂ ਕਰਨ ਵਿੱਚ ਉਸਦੇ ਉਦੇਸ਼ ਦਾ ਵਿਰੋਧ ਕਰਦਾ ਹੋਵੇ।

   ਉਹ ਵਿਅਕਤੀ ਜੋ ਵਿਚੋਲੇ ਜਾਂ ਸੁਣਵਾਈ ਅਧਿਕਾਰੀ ਵਜੋਂ ਯੋਗਤਾ ਪ੍ਰਾਪਤ ਕਰਦਾ ਹੈ, ਪਰ ਸਟੇਟ ਪ੍ਰਮੁੱਖ ਏਜੰਸੀ, ਪੂਰਵ ਦਖਲ ਸੇਵਾ ਪ੍ਰਦਾਤਾ ਦਾ ਕਰਮਚਾਰੀ ਸਿਰਫ ਤਾਂ ਹੀ ਨਹੀਂ ਹੈ ਕਿਉਂਕਿ ਉਸ ਵਿਅਕਤੀ ਨੂੰ ਏਜੰਸੀ ਜਾਂ ਪ੍ਰੋਗਰਾਮ ਮਧਿਅਸਥਤਾ ਨੂੰ ਲਾਗੂ ਕਰਨ ਜਾਂ ਨਿਰਧਾਰਤ ਪ੍ਰਕਿਰਿਆ ਸੁਣਵਾਈ ਪ੍ਰਾਵਧਾਨਾਂ ਨੂੰ ਲਾਗੂ ਕਰਨ ਦੇ ਲਈ ਭੁਗਤਾਨ ਕਰਦੀ ਹੈ। ਇੱਕ **ਪ੍ਰਬੰਧਕੀ ਸ਼ਿਕਾਇਤ** ਵਿੱਚ ਉਹ ਕਥਨ ਸ਼ਾਮਲ ਹੋਣਾ ਚਾਹੀਦਾ ਹੈ ਕਿ ਭਾਗ C ਦੀ ਇੱਕ ਲੋੜ ਦਾ ਉਲੰਘਣ ਹੋਇਆ ਹੈ ਅਤੇ ਤੱਥਾਂ ਦੀ ਉਹ ਕਥਨ ਸ਼ਾਮਲ ਹੋਣਾ ਚਾਹੀਦਾ ਹੈ ਜਿਸ ਉੱਤੇ ਉਹ ਸ਼ਿਕਾਇਤ ਅਧਾਰਤ ਹੈ।

## ਪ੍ਰਸ਼ਾਸਕੀ ਸ਼ਿਕਾਇਤਾਂ

ਉਪਰੋਕਤ ਸੂਚੀਬੱਧ ਮਧਿਅਸਥਤਾ ਅਤੇ ਨਿਰਧਾਰਤ ਪ੍ਰਕਿਰਿਆ ਸੁਣਵਾਈ ਕਾਰਜਾਂ ਤੋਂ ਇਲਾਵਾ, ਇਕ ਵਿਅਕਤੀ ਜਾਂ ਸੰਗਠਨ ਜਿਸ ਵਿਚ ਕਿਸੇ ਹੋਰ ਰਾਜ ਦੇ ਲੋਕ ਸ਼ਾਮਲ ਹਨ, ਕਿਸੇ ਵੀ ਜਨਤਕ ਏਜੰਸੀ ਜਾਂ ਨਿੱਜੀ ਸੇਵਾ ਪ੍ਰਦਾਤਾ ਦੇ ਵਿਰੁੱਧ ਲਿਖਤੀ ਦਸਤਖਤ ਕੀਤੀ ਸ਼ਿਕਾਇਤ ਦਾਇਰ ਕਰ ਸਕਦੇ ਹਨ, ਜਿਸ ਵਿਚ ਕਿਸੇ ਵੀ ਪੂਰਵ ਦਖਲ ਸੇਵਾ ਪ੍ਰਦਾਤਾ ਵੱਲੋਂ ਭਾਗ C ਪ੍ਰੋਗਰਾਮ ਦੀ ਲੋੜ ਦੀ ਉਲੰਘਣਾ ਸ਼ਾਮਲ ਹੁੰਦੀ ਹੈ। ਸਟੇਟ ਪ੍ਰਮੁੱਖ ਏਜੰਸੀ ਮਾਤਾ-ਪਿਤਾ ਅਤੇ ਹੋਰ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨੂੰ ਰਾਜ ਦੀ ਸ਼ਿਕਾਇਤ ਪ੍ਰਕਿਰਿਆਵਾਂ ਦਾ ਵਿਆਪਕ ਤੌਰ ਤੇ ਪ੍ਰਸਾਰ ਕਰਦੀ ਹੈ, ਜਿਸ ਵਿੱਚ ਮਾਤਾ-ਪਿਤਾ ਦੀ ਸਿਖਲਾਈ ਅਤੇ ਜਾਣਕਾਰੀ ਕੇਂਦਰ, ਸੁਰੱਖਿਆ ਅਤੇ ਵਕਾਲਤ ਏਜੰਸੀਆਂ, ਅਤੇ ਹੋਰ ਢੁਕਵੀਂ ਸੰਸਥਾਵਾਂ ਵੀ ਸ਼ਾਮਲ ਹੁੰਦੀਆਂ ਹਨ।

ਇਸ ਸ਼ਿਕਾਇਤ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹੋਣੀਆਂ ਲਾਜ਼ਮੀ ਹਨ:

- ਇਕ ਕਥਨ ਕਿ ਪ੍ਰਮੁੱਖ ਏਜੰਸੀ, ਜਨਤਕ ਏਜੰਸੀ, ਜਾਂ ਪੂਰਵ ਦਖਲ ਸੇਵਾ ਪ੍ਰਦਾਤਾ ਨੇ ਕਥਿਤ ਤੌਰ 'ਤੇ ਭਾਗ C ਦੀ ਜ਼ਰੂਰਤ ਦੀ ਉਲੰਘਣਾ ਕੀਤੀ ਹੈ।
- ਉਹ ਕਥਨ ਜਿਸ 'ਤੇ ਤੱਥ ਅਧਾਰਤ ਹਨ।
- ਸ਼ਿਕਾਇਤ ਦਾਇਰ ਕਰਨ ਵਾਲੇ ਵਿਅਕਤੀ ਦੇ ਦਸਤਖਤ ਅਤੇ ਸੰਪਰਕ ਜਾਣਕਾਰੀ।
- ਵਿਸ਼ੇਸ਼ ਬੱਚੇ ਦੇ ਸੰਬੰਧ ਵਿੱਚ ਕਥਿਤ ਉਲੰਘਣਾਵਾਂ ਲਗਾਉਂਦੇ ਹੋਏ:
  - ਬੱਚੇ ਦਾ ਨਾਮ ਅਤੇ ਪਤਾ ਜਿੱਥੇ ਬੱਚਾ ਰਹਿੰਦਾ ਹੈ।
  - ਬੱਚੇ ਦੀਆਂ ਪੂਰਵ ਦਖਲ ਸੇਵਾਵਾਂ ਦਾ ਸਮਝੌਤਾ ਜਾਂ ਪੂਰਵ ਦਖਲ ਸੇਵਾ ਪ੍ਰਦਾਤਾ ਦਾ ਨਾਮ।
  - ਬੱਚੇ ਦੀ ਸਮੱਸਿਆ ਦੇ ਸੁਭਾਅ ਦਾ ਵਰਣਨ, ਸਮੱਸਿਆ ਨਾਲ ਜੁੜੇ ਤੱਥਾਂ ਸਮੇਤ।
  - ਸ਼ਿਕਾਇਤ ਦਾਇਰ ਕੀਤੇ ਜਾਣ ਦੇ ਸਮੇਂ 'ਤੇ ਉਪਲਬਧ ਅਤੇ ਗਿਆਤ ਹੱਦ ਤੱਕ ਸਮੱਸਿਆ ਦਾ ਪ੍ਰਸਤਾਵਿਤ ਹੱਲ। **ਪ੍ਰਸ਼ਾਸਕੀ ਸ਼ਿਕਾਇਤਾਂ ਕਥਿਤ ਉਲੰਘਨ ਦੇ ਇੱਕ (1) ਸਾਲ ਦੇ ਅੰਦਰ ਸਟੇਟ ਪ੍ਰਮੁੱਖ ਏਜੰਸੀ ਦੁਆਰਾ ਦਰਜ ਅਤੇ ਪ੍ਰਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।** ਸ਼ਿਕਾਇਤ ਦਾਇਰ ਕਰਨ ਵਾਲੇ ਵਿਅਕਤੀ ਜਾਂ ਏਜੰਸੀ ਨੂੰ ਸ਼ਿਕਾਇਤ ਦੀ ਇੱਕ ਕਾਪੀ ਬੱਚੇ ਦੀ ਸੇਵਾ ਕਰਨ ਵਾਲੇ ਪੂਰਵ ਦਖਲ ਸੇਵਾ ਪ੍ਰਦਾਤਾ ਕੋਲ ਭੇਜਣੀ ਲਾਜ਼ਮੀ ਹੈ, ਉਸੇ ਸਮੇਂਇਹ ਸ਼ਿਕਾਇਤ ਸਟੇਟ ਪ੍ਰਮੁੱਖ ਏਜੰਸੀ ਕੋਲ ਦਾਇਰ ਕੀਤੀ ਜਾਣੀ ਚਾਹੀਦੀ ਹੈ।

ਇਕ ਵਾਰ ਸਟੇਟ ਪ੍ਰਮੁੱਖ ਏਜੰਸੀ ਨੂੰ ਸ਼ਿਕਾਇਤ ਮਿਲ ਜਾਣ 'ਤੇ ਇਸ ਕੋਲ ਹੇਠ ਲਿਖੇ ਕਾਰਜ ਕਰਨ ਦੇ ਲਈ 60 ਕੈਲੰਡਰ ਦਿਨ ਹੁੰਦੇ ਹਨ:

- ਸਾਈਟ ਦੀ ਸੁਤੰਤਰ, ਜਾਂਚ-ਪੜਤਾਲ ਕਰਨ, ਜੇ ਸਟੇਟ ਪ੍ਰਮੁੱਖ ਏਜੰਸੀ ਇਹ ਨਿਰਧਾਰਤ ਕਰਦੀ ਹੈ ਕਿ ਜਾਂਚ ਜ਼ਰੂਰੀ ਹੈ।
- ਸ਼ਿਕਾਇਤ ਦਰਜ ਕਰਨ ਵਾਲੇ ਵਿਅਕਤੀ ਜਾਂ ਸੰਗਠਨ ਨੂੰ ਸ਼ਿਕਾਇਤ ਵਿਚ ਲੱਗੇ ਦੋਸ਼ਾਂ ਬਾਰੇ ਜ਼ਬਾਨੀ ਜਾਂ ਲਿਖਤੀ ਤੌਰ 'ਤੇ ਵਧੇਰੇ ਜਾਣਕਾਰੀ ਜਮ੍ਹਾ ਕਰਨ ਦਾ ਮੌਕਾ ਦਿਓ।
- ਏਜੰਸੀਆਂ/ਪ੍ਰਦਾਤਾਵਾਂ ਨੂੰ ਸ਼ਿਕਾਇਤ ਦਾ ਜਵਾਬ ਦੇਣ ਦਾ ਮੌਕਾ ਪ੍ਰਦਾਨ ਕਰੋ, ਜਿਸ ਵਿੱਚ ਪ੍ਰਮੁੱਖ ਏਜੰਸੀ ਦੀ ਇੱਛਾ, ਸ਼ਿਕਾਇਤ ਨੂੰ ਸੁਲਝਾਉਣ ਦਾ ਪ੍ਰਸਤਾਵ ਅਤੇ ਸਾਰੀਆਂ ਧਿਰਾਂ ਨੂੰ ਵਿਚੋਲਗੀ ਵਿੱਚ ਸ਼ਾਮਲ ਹੋਣ ਦਾ ਇੱਕ ਮੌਕਾ ਪ੍ਰਦਾਨ ਕਰੋ।
- ਸਾਰੀ ਢੁਕਵੀਂ ਜਾਣਕਾਰੀ ਦੀ ਸਮੀਖਿਆ ਕਰੋ ਅਤੇ ਇੱਕ ਸੁਤੰਤਰਨਿਰਧਾਰਨ ਕਰੋ ਕਿ ਕੀ ਭਾਗ C ਦੀ ਜ਼ਰੂਰਤ ਦੀ ਉਲੰਘਣਾ ਹੋਈ ਹੈ ਜਾਂ ਨਹੀਂ।
- ਸ਼ਿਕਾਇਤ ਦਾਇਰ ਕਰਨ ਵਾਲੇ ਵਿਅਕਤੀ ਨੂੰ ਲਿਖਤੀ ਫੈਸਲਾ ਜਾਰੀ ਕਰੋ ਜੋ ਸ਼ਿਕਾਇਤ ਵਿਚਲੇ ਹਰ ਦੋਸ਼ ਨੂੰ ਸੰਬੋਧਿਤ ਕਰਦਾ ਹੈ ਅਤੇ ਜਿਸ ਵਿੱਚ ਤੱਥਾਂ ਅਤੇ ਸਿੱਟਿਆਂ ਦੇ ਨਾਲ-ਨਾਲ ਪ੍ਰਮੁੱਖ ਏਜੰਸੀ ਦੇ ਅੰਤਮ ਫੈਸਲੇ ਦੇ ਕਾਰਨ ਵੀ ਸ਼ਾਮਲ ਹੁੰਦੇ ਹਨ।

ਜੇ ਅੰਤਮ ਫੈਸਲਾ ਇਹ ਸੰਕੇਤ ਕਰਦਾ ਹੈ ਕਿ ਉਚਿਤ ਸੇਵਾਵਾਂ ਪ੍ਰਦਾਨ ਨਹੀਂ ਕੀਤੀਆਂ ਗਈਆਂ ਸਨ/ਹਨ, ਤਾਂ ਸਟੇਟ ਪ੍ਰਮੁੱਖ ਏਜੰਸੀ ਨੂੰ ਹੇਠ ਲਿਖਿਆਂ ਦਾ ਸੰਬੋਧਤ ਕਰਨਾ ਪਏਗਾ:

- ਢੁਕਵੀਆਂ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਫਲਤਾ, ਜਿਸ ਵਿੱਚ ਸ਼ਿਕਾਇਤ ਅਤੇ ਤੁਹਾਡੇ ਪਰਿਵਾਰ (ਜਿਵੇਂ ਕਿ ਮੁਆਵਜ਼ਾ ਸੇਵਾਵਾਂ ਜਾਂ ਮੁਦਰਾ ਮੁਆਵਜ਼ਾ) ਦਾ ਵਿਸ਼ਾ ਹੈ, ਦੀਆਂ ਜ਼ਰੂਰਤਾਂ ਨੂੰ ਹੱਲ ਕਰਨ ਲਈ ਉਚਿਤ ਸੁਧਾਰਕ ਕਿਰਿਆਵਾਂ ਸ਼ਾਮਲ ਹਨ; ਅਤੇ
- ਸਾਰੇ ਵਿਕਲਾਂਗ ਸ਼ਿਸ਼ੂਆਂ ਅਤੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਲਈ ਸੇਵਾਵਾਂ ਦੇ ਉਚਿਤ ਭਵਿੱਖ ਪ੍ਰਾਵਧਾਨ।

ਸਟੇਟ ਪ੍ਰਮੁੱਖ ਏਜੰਸੀ ਨੂੰ ਫੈਸਲੇ ਨੂੰ ਪ੍ਰਭਾਵਸ਼ਾਲੀ ਲਾਗੂ ਕਰਨ ਦੀਆਂ ਪ੍ਰਕਿਰਿਆਵਾਂ ਨੂੰ ਸ਼ਾਮਲ ਕਰਨਾ ਲਾਜ਼ਮੀ ਹੈ, ਜੇ ਜ਼ਰੂਰਤ ਹੋਵੇ, ਤਾਂ ਅਨੁਪਾਲਨ ਨੂੰ ਪ੍ਰਾਪਤ ਕਰਨ ਦੇ ਲਈ ਤਕਨੀਕੀ ਸਹਾਇਤਾ ਦੀਆਂ ਗਤੀਵਿਧੀਆਂ, ਗੱਲਬਾਤ ਅਤੇ ਸੁਧਾਰਕ ਕਾਰਜ ਵੀ।

ਜੇ ਕੋਈ ਲਿਖਤੀ ਸ਼ਿਕਾਇਤ ਪ੍ਰਾਪਤ ਕੀਤੀ ਜਾਂਦੀ ਹੈ, ਜੋ ਕਿ ਨਿਰਧਾਰਤ ਪ੍ਰਕਿਰਿਆ ਦੀ ਸੁਣਵਾਈ ਦਾ ਵਿਸ਼ਾ ਵੀ ਹੈ, ਜਾਂ ਇਸ ਵਿਚ ਕਈ ਮੁੱਦੇ ਹਨ, ਜਿਨ੍ਹਾਂ ਵਿਚੋਂ ਇਕ ਜਾਂ ਵਧੇਰੇ ਉਸ ਸੁਣਵਾਈ ਦਾ ਹਿੱਸਾ ਹਨ, ਤਾਂ ਸਟੇਟ ਪ੍ਰਮੁੱਖ ਏਜੰਸੀ ਨੂੰ ਲਾਜ਼ਮੀ ਤੌਰ 'ਤੇ ਨਿਰਧਾਰਤ ਪ੍ਰਕਿਰਿਆ ਦੀ ਸੁਣਵਾਈ ਦੇ ਵਿੱਚ ਸੰਬੋਧਿਤ ਕੀਤੀ ਜਾਣ ਵਾਲੀ ਸ਼ਿਕਾਇਤ ਦੇ ਉਸ ਹਿੱਸੇ ਨੂੰ ਵੱਖ ਰੱਖਣਾ ਚਾਹੀਦਾ ਹੈ ਜੱਦ ਤੱਕ ਸੁਣਵਾਈ ਦੈ ਫੈਸਲਾ ਨਹੀਂ ਆ ਜਾਂਦਾ। ਹਾਲਾਂਕਿ, ਸ਼ਿਕਾਇਤ ਵਿੱਚ ਕੋਈ ਵੀ ਮੁੱਦਾ ਜੋ ਨਿਰਧਾਰਤ ਪ੍ਰਕਿਰਿਆ ਕਾਰਵਾਈ ਦਾ ਹਿੱਸਾ ਨਹੀਂ ਹੈ, ਨੂੰ ਇਸ ਦਸਤਾਵੇਜ਼ ਵਿੱਚ ਦਰਸਾਏ ਗਏ 60 ਕੈਲੰਡਰ ਦਿਨ ਦੀ ਸਮਾਂ ਸੀਮਾ ਅਤੇ ਸ਼ਿਕਾਇਤ ਪ੍ਰਕਿਰਿਆਵਾਂ ਦੇ ਅੰਦਰ ਹੱਲ ਕੀਤਾ ਜਾਣਾ ਚਾਹੀਦਾ ਹੈ।

ਇਸ ਪ੍ਰਕਿਰਿਆ ਦੇ ਤਹਿਤ ਉਕਤ ਧਿਰਾਂ ਨੂੰ ਸ਼ਾਮਲ ਕਰਨ ਵਾਲੀਆਂ ਨਿਰਪੱਖ ਨਿਰਧਾਰਤ ਪ੍ਰਕਿਰਿਆ ਦੀ ਸੁਣਵਾਈ ਦੌਰਾਨ ਪਹਿਲਾਂ ਹੀ ਜਿਹੜੀਆਂ ਸ਼ਿਕਾਇਤਾਂ ਦਾ ਫੈਸਲਾ ਲਿਆ ਗਿਆ ਹੈ ਉਨ੍ਹਾਂ ਤੇ ਵਿਚਾਰ ਨਹੀਂ ਕੀਤਾ ਜਾ ਸਕਦਾ। ਸਟੇਟ ਪ੍ਰਮੁੱਖ ਏਜੰਸੀ ਨੂੰ ਸ਼ਿਕਾਇਤਕਰਤਾ ਨੂੰ ਸੂਚਿਤ ਕਰਨਾ ਚਾਹੀਦਾ ਹੈ ਕਿ ਸੁਣਵਾਈ ਦਾ ਫੈਸਲਾ ਲਾਜ਼ਮੀ ਹੈ।

ਕਿਸੇ ਜਨਤਕ ਏਜੰਸੀ ਜਾਂ ਨਿੱਜੀ ਸੇਵਾ ਪ੍ਰਦਾਤਾ ਦੇ ਵੱਲੋਂ ਨਿਰਧਾਰਤ ਪ੍ਰਕਿਰਿਆ ਨੂੰ ਲਾਗੂ ਕਰਨ ਵਿੱਚ ਅਸਫਲਤਾ (ਜਿਸ ਵਿਚ ਪੂਰਵ ਦਖਲ ਸੇਵਾਵਾਂ ਕਾਂਟ੍ਰੈਕਟਰ ਜਾਂ ਪੂਰਵ ਦਖਲ ਸੇਵਾ ਪ੍ਰਦਾਤਾ ਸ਼ਾਮਲ ਹੈ) ਦਾ ਦੋਸ਼ ਲਗਾਉਣ ਵਾਲੀ ਸ਼ਿਕਾਇਤ ਦਾ ਸਟੇਟ ਪ੍ਰਮੁੱਖ ਏਜੰਸੀ ਦੁਆਰਾ ਹੱਲ ਕੀਤਾ ਜਾਣਾ ਚਾਹੀਦਾ ਹੈ।

## ਨਾਇਬ ਮਾਤਾ-ਪਿਤਾ

### ਬਿਨਾ ਮਾਤਾ-ਪਿਤਾ ਜਾ ਕਨੂੰਨੀ ਸਰਪ੍ਰਸਤ ਦੇ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕੌਣ ਕਰਦਾ ਹੈ?

ਭਾਗ C ਦੇ ਅਧੀਨ ਪਾਤਰ ਬੱਚਿਆਂ ਦੇ ਅਧਿਕਾਰ ਸੁਰੱਖਿਅਤ ਹਨ ਜੇਕਰ:

- ਕਿਸੇ ਵੀ ਮਾਤਾ-ਪਿਤਾ ਦੀ ਪਛਾਣ ਨਾ ਕੀਤੀ ਜਾ ਸਕੇ;
- ਕਾਫੀ ਕੋਸ਼ਿਸ਼ਾਂ ਤੋਂ ਬਾਅਦ ਪੂਰਵ ਦਖਲ ਸੇਵਾ ਪ੍ਰਦਾਤਾ ਕਿਸੇ ਮਾਤਾ-ਪਿਤਾ ਨੂੰ ਨਾ ਲੱਭ ਸਤਣ; ਜਾਂ
- ਬੱਚਾ ਸਟੇਟ ਦੇ ਕਨੂੰਨਾਂ ਦੇ ਅਧੀਨ ਵਾਸ਼ਿੰਗਟਨ ਸਟੇਟ ਦਾ ਵਾਰਡ ਹੋਵੇ।

ਕਿਸੇ ਵਿਅਕਤੀ ਨੂੰ ਹੇਠ ਲਿਖੀਆਂ ਪ੍ਰਕਿਰਿਆਵਾਂ ਦੇ ਅਨੁਸਾਰ ਮਾਤਾ-ਪਿਤਾ ਦੇ ਲਈ "ਨਾਇਬ" ਵਜੋਂ ਕੰਮ ਕਰਨ ਲਈ ਨਿਰਧਾਰਤ ਕੀਤਾ ਜਾਂਦਾ ਹੈ।

ਇਨ੍ਹਾਂ ਪ੍ਰਕਿਰਿਆਵਾਂ ਵਿੱਚ ਇਹ ਨਿਰਧਾਰਤ ਕਰਨ ਲਈ ਇੱਕ ਵਿਧੀ ਸ਼ਾਮਲ ਹੁੰਦੀ ਹੈ ਕਿ ਕੀ ਬੱਚੇ ਨੂੰ ਨਾਇਬ ਮਾਤਾ-ਪਿਤਾ ਦੀ ਜ਼ਰੂਰਤ ਹੈ ਕਿ ਨਹੀਂ ਅਤੇ ਇਹ ਨਿਰਧਾਰਤ ਕਰਨ ਤੋਂ ਬਾਅਦ ਕਿ ਬੱਚੇ ਨੂੰ ਇੱਕ ਨਾਇਬ ਮਾਤਾ-ਪਿਤਾ ਦੀ ਜ਼ਰੂਰਤ ਹੈ, 30 ਕੈਲੰਡਰ ਦਿਨਾਂ ਦੇ ਅੰਦਰ ਬੱਚੇ ਦੇ ਲਈ ਨਾਇਬ ਨਿਯੁਕਤ ਕਰਨ ਲਈ ਉਚਿਤ ਯਤਨ ਕਰਨ ਦਾ ਢੰਗ ਸ਼ਾਮਲ ਹੁੰਦਾ ਹੈ।

ਨਾਇਬ ਦੀ ਚੋਣ ਕਰਦੇ ਸਮੇਂ ਹੇਠ ਦਿੱਤੇ ਮਾਪਦੰਡ ਲਾਗੂ ਕੀਤੇ ਜਾਂਦੇ ਹਨ। ਨਾਇਬ ਮਾਤਾ-ਪਿਤਾ ਨੂੰ ਹਰ ਪੂਰਵ ਦਖਲ ਸੇਵਾ ਪ੍ਰਦਾਤਾ ਦੁਆਰਾ ਚੁਣਿਆ ਜਾਂਦਾ ਹੈ ਅਤੇ ਉਹਨਾਂ ਲਈ ਹੇਠ ਲਿਖੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਲਾਜ਼ਮੀ ਹਨ:

- ਉਹਨਾਂ ਦਾ ਕੋਈ ਅਜਿਹਾ ਨਿੱਜੀ ਜਾਂ ਪੇਸ਼ੇਵਰਾਨਾ ਹਿੱਤ ਨਹੀਂ ਹੈ ਜੋ ਉਸ ਬੱਚੇ ਦੇ ਹਿੱਤ ਨਾਲ ਟਕਰਾਉਂਦਾ ਹੋਵੇ ਜਿਸਦਾ ਉਹ ਪ੍ਰਤੀਨਿਧ ਕਰਦਾ ਜਾਂ ਕਰਦੀ ਹੈ।
- ਉਹਨਾਂ ਕੋਲਉਹ ਗਿਆਨ ਅਤੇ ਕੌਸ਼ਲ ਹਨ ਜੋ ਬੱਚੇ ਦੀ ਨੁਮਾਇੰਦਗੀ ਨੂੰ ਯਕੀਨੀ ਬਣਾਉਂਦੇ ਹਨ।
- ਕਿਸੇ ਵੀ ਸਟੇਟ ਏਜੰਸੀ ਦਾ ਕਰਮਚਾਰੀ ਨਹੀਂ ਹੈ; ਜਾਂ ਕਿਸੇ ਵੀ ਅਜਿਹੇ ਵਿਅਕਤੀ ਦਾ ਕਰਮਚਾਰੀ ਨਹੀਂ ਹੈ ਜੋ ਬੱਚੇ ਨੂੰ ਜਾਂ ਬੱਚੇ ਦੇ ਕਿਸੇ ਪਰਿਵਾਰਕ ਸਦੱਸ ਨੂੰ ਪੂਰਵ ਦਖਲ ਸੇਵਾਵਾਂ, ਸਿੱਖਿਆ, ਦੇਖਭਾਲ, ਜਾਂ ਹੋਰ ਸੇਵਾਵਾਂ ਪ੍ਰਦਾਨ ਕਰਦਾ ਹੈ। ਉਹ ਵਿਅਕਤੀ ਜੋ ਇਹਨਾਂ ਪ੍ਰਕਿਰਿਆਵਾਂ ਤਹਿਤ ਨਾਇਬ ਮਾਤਾ-ਪਿਤਾ ਬਣਨ ਦੇ ਯੋਗ ਬਣਦਾ ਹੈ, ਪਰ ਸਿਰਫ਼ ਤਾਂ ਹੀ ਇਕ ਕਰਮਚਾਰੀ ਨਹੀਂ ਹੈ ਕਿਉਂਕਿ ਉਸਨੂੰ ਇੱਕ ਪੂਰਵ ਦਖਲ ਸੇਵਾ ਪ੍ਰਦਾਤਾ ਦੁਆਰਾ ਨਾਇਬ ਮਾਤਾ-ਪਿਤਾ ਵਜੋਂ ਸੇਵਾ ਕਰਨ ਲਈ ਭੁਗਤਾਨ ਕੀਤਾ ਜਾਂਦਾ ਹੈ।

ਜਦੋਂ ਬੱਚਾ ਵਾਸ਼ਿੰਗਟਨ ਸਟੇਟ ਦਾ ਇੱਕ ਵਾਰਡ ਹੁੰਦਾ ਹੈ ਜਾਂ ਫੋਸਟਰ ਦੀ ਦੇਖਭਾਲ ਵਿੱਚ ਰੱਖਿਆ ਜਾਂਦਾ ਹੈ, ਤਾਂ ਪੂਰਵ ਦਖਲ ਸੇਵਾ ਪ੍ਰਦਾਤਾ ਏਜੰਸੀ ਨੂੰ ਲਾਜ਼ਮੀ ਤੌਰ 'ਤੇ ਜਨਤਕ ਏਜੰਸੀ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਜਿਸ ਨੂੰ ਬੱਚੇ ਦੀ ਦੇਖਭਾਲ ਸੌਂਪੀ ਗਈ ਹੈ।

ਕਿਸੇ ਬੱਚੇ ਲਈ ਜੋ ਸਟੇਟ ਦਾ ਇੱਕ ਵਾਰਡ ਹੈ, ਪੂਰਵ ਦਖਲ ਸੇਵਾ ਪ੍ਰਦਾਤਾ ਏਜੰਸੀ ਦੁਆਰਾ ਨਿਯੁਕਤ ਕੀਤੇ ਜਾਣ ਦੀ ਬਜਾਏ, ਬੱਚੇ ਦੇ ਕੇਸ ਦੀ ਨਿਗਰਾਨੀ ਕਰਨ ਵਾਲਾ ਜੱਜ ਉਦੋਂ ਤੱਕ ਨਾਇਬ ਮਾਤਾ-ਪਿਤਾ ਦੀ ਨਿਯੁਕਤੀ ਕਰ ਸਕਦਾ ਹੈ ਜਦੋਂ ਤੱਕ ਚੋਣ ਉਪਰਲੇ ਚੋਣ ਮਾਪਦੰਡਾਂ ਨੂੰ ਪੂਰਾ ਕਰਦੀ ਹੈ।

ਨਾਇਬ ਮਾਤਾ-ਪਿਤਾ ਕੋਲ ਭਾਗ C ਦੇ ਅਧੀਨ ਸਾਰੇ ਉਦੇਸ਼ਾਂਲਈ ਇੱਕ ਮਾਤਾ-ਪਿਤਾ ਦੇ ਬਰਾਬਰ ਅਧਿਕਾਰ ਹਨ।



## ਸੰਪਰਕ ਜਾਣਕਾਰੀ

ਜੇ ਤੁਹਾਨੂੰ ਆਪਣੇ ਪ੍ਰਕਿਰਿਆਤਮਕ ਉਪਰਾਲਿਆਂ ਬਾਰੇ ਵਧੇਰੀ ਜਾਣਕਾਰੀ ਦੀ ਲੋੜ ਹੈ, ਤਾਂ ਆਪਣੇ ਸਥਾਨਕ ਪਰਿਵਾਰਕ ਸਰੋਤ ਸਹਿਯੋਗ (FRC) ਨਾਲ ਇੱਥੇ ਸੰਪਰਕ ਕਰੋ:

ਜਾਂ

ਜੇ ਤੁਸੀਂ ਕੋਈ ਸ਼ਿਕਾਇਤ ਦਰਜ ਕਰਾਉਣ, ਵਿਚੋਲਗੀ ਅਤੇ/ਜਾਂ ਨਿਰਧਾਰਤ ਪ੍ਰਕਿਰਿਆ ਦੀ ਸੁਣਵਾਈ ਦੀ ਬੇਨਤੀ ਕਰਨ ਦੀ ਯੋਜਨਾ ਬਣਾ ਰਹੇ ਹੋ, ਤਾਂ ਕਿਰਪਾ ਕਰਕੇ ਇਥੇ ESIT ਪ੍ਰੋਗਰਾਮ ਨਾਲ ਸੰਪਰਕ ਕਰੋ:

**Washington ਸਟੇਟ Department of Children, Youth & Families (ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦਾ ਵਿਭਾਗ)**
**Early Support for Infants and Toddlers (ਸ਼ਿਸ਼ੂਆਂ ਅਤੇ ਛੋਟੇ ਬੱਚਿਆਂ ਲਈ ਪੂਰਵ ਸਮਰਥਨ) ਪ੍ਰੋਗਰਾਮ**
PO Box 40970
Olympia, Washington 98504-0970
**esit@dcyf.wa.gov**
**www.dcyf .wa.gov/services/child-dev-support-providers/esit**

ਸਰੋਤ:

**Washington PAVE (Partnerships for Action, Voices for Empowerment (ਕਾਰਵਾਈ ਲਈ ਭਾਈਵਾਲੀ, ਸ਼ਕਤੀਕਰਨ ਲਈ ਆਵਾਜ਼ਾਂ))**
6316 S. 12th St.
Tacoma, Washington 98465
ਫੋਨ: 1-800-572-7368
ਫੈਕਸ: 253-566-8052
**pave@wapave.org**
**www.wapave.org**

*ਸਾਰੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਵਿੱਚ ਭੇਦਭਾਵ ਕਰਨ ਦੀ ਮਨਾਹੀ ਹੈ। ਕਿਸੇ ਨੂੰ ਵੀ ਨਸਲ, ਰੰਗ, ਧਰਮ, ਪੰਥ, ਜਾਤ, ਰਾਸ਼ਟਰੀ ਮੂਲ, ਲਿੰਗ, ਉਮਰ ਜਾਂ ਅਪਾਹਜਤਾ ਦੇ ਆਧਾਰ 'ਤੇ ਬਾਹਰ ਨਹੀਂ ਰੱਖਿਆ ਜਾਵੇਗਾ।*

*ਜੇ ਤੁਸੀਂ ਇਸ ਦਸਤਾਵੇਜ਼ ਦੀਆਂ ਕਾਪੀਆਂ ਕਿਸੇ ਵਿਕਲਪਿਕ ਫਾਰਮੈਟ ਜਾਂ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ DCYF Constituent Relations (ਸੰਵਿਧਾਨਕ ਸੰਬੰਧਾਂ) ਦੇ ਨਾਲ ਸੰਪਰਕ ਕਰੋ (1-800-723-4831 | 360-902-8060,* ***ConstRelations@dcyf.wa.gov****)।*

DCYF PUBLICATION FS_0005 | DEL 11-001 PJ (07-2023) Punjabi